Walter is a good dreamer, too. Thirty-two years or so ago, he dreamed of ACS and there it is - marvellously materialised! And, lo! today he has dreamed again! Family Community Centre! A centre that will specially focus on families and children - providing specialized education to families for a good and harmonious way of living as well as children's learning activities. And what is more, he is pretty confident to see the new dream realized within the next five years!

Now, his formal retirement will probably be followed by a transition period spanning over a few months or so, during which he could be seen just around, keeping a caring and watchful eye on ACS under the new incumbent like a father who has just entrusted his household responsibilities to his eldest son. Walter would be seen mentoring, bridging, counselling, patting, and conferring with, ACS employees as well as volunteers - individuals and/or groups. Yet, this would certainly not reflect on the administrative acumen and potential of his successor.

Before he finally departs from the ACS scene, we would take pride in unveiling his message to and for everyone : 'Live as a good neighbour in your community, helping and respecting one another.'

We all at the Punjabi Patrika wish Walter a very healthy, active, prosperous and fulfilling retired life.

ਪ੍ਰਾਈਵੇਟ ਟਿਊਸ਼ਨ/Private Tuition
A highly experienced M.A, MPhil, teacher available for tutoring in
(a) English grammar & literature, General English, ESL, TOEFL, TSE, TWE, TOEIC and ELA.
(b) Punjabi
(c) Hindi, and
(d) Mathematics
For more information call 855-4438
ਅੰਗ੍ਰੇਜ਼ੀ, ਪੰਜਾਬੀ, ਹਿੰਦੀ, ਸੈਟ 'ਚ ਟਿਊਸ਼ਨ ਲਈ ਸੰਪਰਕ ਕਰੋ।
855-4438

ਖੁਸ਼ਖਬਰੀ! ਖੁਸ਼ਖਬਰੀ! ਖੁਸ਼ਖਬਰੀ!

ਐਬਟਸਫੋਰਡ 'ਚ ਤੁਹਾਡਾ ਆਪਣਾ ਦੰਦਾਂ ਦਾ ਕਲਿਨਿਕ

Dr. Manjinder Saini Inc.

-Dentist-



ਨਵੇਂ ਅਤੇ ਐਮਰਜੰਸੀ ਮਰੀਜ਼ਾਂ ਲਈ ਸੇਵਾਵਾਂ ਹਾਜ਼ਰ। ਅਸੀਂ ਅੰਗ੍ਰੇਜ਼ੀ, ਪੰਜਾਬੀ, ਹਿੰਦੀ ਅਤੇ ਉਰਦੂ ਬੋਲਦੇ ਹਾਂ!

New patients and emergency walk-ins welcome!
We speak English, Punjabi, Hindi & Urdu.

Working Hours

Mon - Sat 10:00am - 9:00pm
Sun 10:00am - 5:00pm

We are above *Subway* at the 5 corner junction on South Fraser Way, just a 5 minute walk from the Sikh Temple.

-ਗੁਰਦੁਆਰੇ ਤੋਂ ਸਿਰਫ ਪੰਜ ਮਿੰਟ ਦੀ ਵਾਕ-

Tel: (604) 852-3935

201-33640 South Fraser Way, Abbotsford. B.C. V2S 2B9

EXPRESS TAX, ACCOUNTING, AND OTHER SERVICES

WE SPECIALIZE IN PROVIDING

- Business and personal income tax services
- Computerized accounting and book keeping
- Payroll services
- GST, PST, WCB, and Employment insurance services

We have long experience in preparing computerized income tax returns. Fast and reliable service is our speciality. We also E-file tax returns for a fast tax refund.

ਅਸੀਂ ਹੇਠ ਲਿਖੀਆਂ ਸੇਵਾਵਾਂ ਵਿੱਚ ਮਾਹਿਰ ਹਾਂ:

- ਬਿਜ਼ਨੈਸ ਅਤੇ ਪਰਸਨਲ ਇੰਨਕਮ ਟੈਕਸ ਸੇਵਾਵਾਂ
- ਕੰਮਪਿਊਟਰ ਨਾਲ ਅਕਾਊਂਟਿੰਗ ਅਤੇ ਬੁੱਕ-ਕੀਪਿੰਗ
- ਪੇ-ਰੋਲ ਸੇਵਾਵਾਂ
- ਜੀ.ਐਸ.ਟੀ, ਪੀ.ਐਸ.ਟੀ, ਵਰਕਰਜ਼ ਕੰਮਪਨਸੇਸ਼ਨ ਅਤੇ ਰੋਜ਼ਗਾਰ ਬੀਮੇਂ ਦੀਆਂ ਸੇਵਾਵਾਂ

ਸਾਡਾ ਇਨਕਮ ਟੈਕਸ ਦੇ ਫਾਰਮ ਭਰਨ ਦਾ ਬਹੁਤ ਲੰਬਾ ਤਜ਼ਰਬਾ ਹੈ। ਜਲਦੀ ਅਤੇ ਭਰੋਸੇਯੋਗ ਸੇਵਾਵਾਂ ਸਾਡੀ ਖਾਸੀਅਤ ਹੈ। ਟੈਕਸ ਦੇ ਪੈਸੇ ਜਲਦੀ ਵਾਪਸ ਮੁੜਵਾਉਣ ਲਈ ਅਸੀਂ ਈ-ਫਾਇਲ ਰਾਹੀਂ ਟੈਕਸ ਦੇ ਫਾਰਮ ਸਿੱਧੇ ਸਰਕਾਰ ਨੂੰ ਭੇਜਦੇ ਹਾਂ।

*ਅਸੀਂ ਵਧੀਆ ਸੇਵਾ ਅਤੇ ਘੱਟ ਰੇਟ ਦੀ ਗਰੰਟੀ ਕਰਦੇ ਹਾਂ।

*ਵੱਧ ਤੋਂ ਵੱਧ ਟੈਕਸ ਬਚਾਉਣ ਲਈ ਫਾਰਮ ਭਰਨ ਤੋਂ ਪਹਿਲਾਂ ਸਾਡੀ ਮੁਫਤ ਸਲਾਹ ਇੱਕ ਵਾਰ ਜ਼ਰੂਰ ਲਵੋ।

Harjit S. Phagura OR Harb. Phagura

Phone (604) 852-4424

30576 Sparrow Drive, Abbotsford, BC. V2T 5R9

(ਸਫਾ 2 ਦਾ ਬਾਕੀ ਹਿਸਾ) *ਅੰਮ੍ਰਿਤ ਦਾ ਸੰਕਲਪ: ਪ੍ਰਸੰਗ ਤੇ ਪਰੰਪਰਾ*

ਪੰਜ ਪਿਆਰਿਆਂ ਦੇ ਕਰ-ਕਮਲਾਂ ਤੋਂ ਤਿਆਰ ਹੋਇਆ ਖੰਡੇ ਦਾ ਪਾਹੁਲ ਸਿੰਘ ਦੀ ਪਹਿਚਾਣ ਹੈ। ਖੰਡੇ ਦਾ ਅੰਮ੍ਰਿਤ ਤਿਆਰ ਕਰਦਿਆਂ, ਇਕਾਗਰ-ਚਿੱਤ ਹੋ ਕੇ ਪੰਜ ਬਾਣੀਆਂ ਦਾ ਪਾਠ ਕੀਤਾ ਜਾਂਦਾ ਹੈ। ਸਿੱਖਾਂ ਨੂੰ ਅੰਮ੍ਰਿਤ ਛਕਾਉਣ ਸਮੇਂ "ਵਾਹਿਗੁਰੂ" ਸ਼ਬਦ ਦਾ ਗੁਰਮੰਤਰ ਦਿੱਤਾ ਜਾਂਦਾ ਹੈ। ਪਵਿੱਤਰ ਤੇ ਸਵੱਛ ਨੀਰ ਨੂੰ ਬਾਟੇ ਵਿੱਚ ਪਾ ਕੇ ਪੰਜ ਪਿਆਰੇ ਮੁਖਾਰਬਿੰਦ ਤੋਂ ਗੁਰਬਾਣੀ ਦਾ ਜਾਪ ਕਰਦੇ ਹਨ।

ਨਿਰਮਲ ਜਲ ਦੇ ਪੰਜ-ਪੰਜ ਚੂਲੇ ਸਿੰਘ ਸਜਣ ਵਾਲੇ ਸਿੱਖਾਂ ਨੂੰ ਛਕਾਏ ਜਾਂਦੇ ਹਨ। ਇਸ ਪਵਿੱਤਰ ਜਲ ਦੀਆਂ ਕੁਝ ਬੂੰਦਾਂ ਨੇਤਰਾਂ ਵਿੱਚ ਅਤੇ ਕੇਸਾਂ ਚ ਵੀ ਪਾਈਆਂ ਜਾਂਦੀਆਂ ਹਨ। ਦਸਮੇਸ਼ ਪਿਤਾ ਵਲੋਂ ਬਖਸ਼ਿਆ ਗਿਆ ਜੈਕਾਰਾ, "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਜੀ ਫਤਹਿ" ਬੁਲਾ ਕੇ ਅੰਮ੍ਰਿਤ-ਪਾਨ ਕਰਵਾਇਆ ਜਾਂਦਾ ਹੈ। ਸਿੱਖ ਨੂੰ ਸਿੰਘ ਚ ਤਬਦੀਲ ਕਰਨ ਵਾਲਾ ਖੰਡੇ ਦਾ ਪਾਹੁਲ ਬਹਾਦਰੀ, ਦਲੇਰੀ, ਗੁਰੂ ਚਰਨਾ ਨਾਲ ਪ੍ਰੇਮ ਅਤੇ ਅਜੀਬੋ ਗਰੀਬ ਨਿਰਾਲਾਪਨ ਬਖਸ਼ਦਾ ਹੈ, ਜਿਸ ਦੀ ਹੋਂਦ ਨਾਲ ਮੁਖੜੇ ਤੇ ਨੂਰ ਨਜ਼ਰ ਆਉਂਦਾ ਹੈ। ਅੰਮ੍ਰਿਤ ਦੀ ਛੂਹ ਨਾਲ ਗੁਰ ਸਿੱਖ "ਖੰਡੇ ਦਾ ਅੰਮ੍ਰਿਤਧਾਰੀ ਗੁਰੂ ਨਾਨਕ ਪੰਥੀ ਖਾਲਸਾ" ਬਣ ਜਾਂਦਾ ਹੈ।

ਖੰਡੇ ਦਾ ਅੰਮ੍ਰਿਤ ਮਨੁੱਖ ਨੂੰ ਪ੍ਰਭੂ-ਪ੍ਰੇਮ ਚ ਬੱਝੀ ਕੁਰਬਾਨੀ ਵਾਲੀ ਰੂਹਾਨੀ ਜ਼ਿੰਦਗੀ ਬਖਸ਼ਦਾ ਹੈ। ਅੰਮ੍ਰਿਤ ਛਕਾਉਣ ਸਮੇਂ ਰਹਿਤ-ਮਰਯਾਦਾ ਨੂੰ ਨਿਭਾਉਣ ਦਾ ਪ੍ਰਣ ਲਿਆ ਜਾਂਦਾ ਹੈ, ਜਿੰਨ੍ਹਾਂ ਦਾ ਅਨੁਸਰਨ ਉਹ ਵਿਅਕਤੀਗਤ ਰੂਪ ਵਿੱਚ ਕਰਦਾ ਹੈ। ਖੰਡੇ ਦੇ ਪਾਹੁਲ ਨਾਲ ਸਿਰਜੇ ਸੰਤ-ਸਿਪਾਹੀ ਦਾ ਮੁੱਖ ਸਿਧਾਂਤ ਹੈ :

ਭੈ ਕਾਹੂ ਕਉ ਦੇਤ ਨਹਿ,
ਨਹਿ ਭੈ ਮਾਨਤ ਆਨਾ॥

ਅੰਮ੍ਰਿਤ ਦਾ ਭਾਵ ਨਾਮ ਤੋਂ ਹੈ। ਅੰਮ੍ਰਿਤਧਾਰੀ ਮੁੱਖ ਤੌਰ ਤੇ ਨਾਮ ਨਾਲ ਜੁੜਿਆ ਹੋਣਾ ਚਾਹੀਦਾ ਹੈ। ਨਿਤਨੇਮ ਦੇ ਰੂਪ 'ਚ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤਧਾਰੀ ਲਈ ਪੰਜ ਬਾਣੀਆਂ ਬਖਸ਼ੀਆਂ ਹਨ, ਜਿੰਨ੍ਹਾਂ ਦੇ ਵਿਸ਼ਲੇਸ਼ਣ ਤੇ ਵਿਚਾਰ ਨਾਲ ਜ਼ਿੰਦਗੀ ਦਾ ਉਦੇਸ਼ ਸਪੱਸ਼ਟ ਹੁੰਦਾ ਹੈ। ਇਹ ਪੰਜ ਬਾਣੀਆਂ ਹਨ : ਜਪੁਜੀ ਸਾਹਿਬ, ਜਾਪੁ ਸਾਹਿਬ, ਸੁਧਾ ਸਵੈਯੇ, ਬੇਨਤੀ ਚੌਪਈ ਤੇ ਅਨੰਦੁ ਸਾਹਿਬ। ਪਰ ਇਸਦੇ ਨਾਲ ਹੀ ਅੰਦਰੂਨੀ ਸ਼ੁਸ਼ਟਤਾ ਨੂੰ ਬਾਹਰੀ ਚਿੰਨ੍ਹਾ ਨਾਲ ਦਰਸਾਉਣ ਵਾਸਤੇ ਪੰਜ ਕਕਾਰ ਵੀ ਬਖਸ਼ੇ ਹਨ। ਕੇਸ, ਕੜਾ, ਕਿਰਪਾਨ, ਕੰਘਾ ਤੇ ਕਛਹਿਰਾ ਸਿੱਖੀ ਦੇ ਪੰਜ ਨਿਸ਼ਾਨ ਹਨ। ਖੰਡੇ ਦੇ ਅੰਮ੍ਰਿਤਧਾਰੀ ਲਈ ਇਹਨਾਂ ਨੂੰ ਸਜਾਉਣਾ ਅਤਿ ਜ਼ਰੂਰੀ ਹੈ। ਇਹਨਾਂ ਸੰਬੰਧੀ ਦਸਮ ਗ੍ਰੰਥਾਂ ਦੀਆਂ ਹੱਥ ਲਿਖਤ ਬੀੜਾਂ ਚ ਵੀ ਸੁੰਦਰ ਜ਼ਿਕਰ ਆਉਂਦਾ ਹੈ :

"ਨਿਸ਼ਾਨਿ ਸਿੱਖੀ ਈਂ ਪੰਜ ਹਰਫ ਕਾਫ।
ਰਹਗਿਜ ਨ ਬਾਸ਼ਦ ਅਜੀ ਪੰਜ ਮੁਆਫ।
ਕੜਾ ਕਾਰਦੋ ਕਾਛ ਕੰਘਾ ਬਿਦਾਂ।
ਬਿਲਾ ਕੇਸ ਹੇਚ ਅਸਤ ਜੁਮਲਾ ਨਿਸ਼ਾ।"

ਅੰਮ੍ਰਿਤ ਦੀ ਅਦੁੱਤੀ ਦਾਤ ਸੁਰਤ ਸੰਭਾਲਣ ਤੋਂ ਲੈ ਕੇ ਅੰਤਲੇ ਸੁਆਸਾਂ ਤੱਕ ਕਿਸੇ ਸਮੇਂ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ। ਪਰ ਖੰਡੇ ਦਾ ਅੰਮ੍ਰਿਤ ਗ੍ਰਹਿਣ ਕਰਨ ਲਈ ਚਾਰ ਕੁਰਿਹਤਾਂ ਭਾਵ ਖਾਮੀਆਂ ਨੂੰ ਤਿਆਗਣਾਂ ਸਭ ਤੋਂ ਵਧੇਰੇ ਲਾਜ਼ਮੀ ਹੈ। ਸ਼ਰਾਬ ਪੀਣੀ ਅਤੇ ਮਾਸ ਖਾਣਾ, ਹੁੱਕੇ ਦੀ ਵਰਤੋਂ ਕਰਨਾ, ਕੇਸਾਂ ਦੀ ਬੇਅਦਬੀ ਕਰਨੀ ਅਤੇ ਪਰ-ਇਸਤਰੀ ਜਾਂ ਪਰ-ਪੁਰਸ਼ ਦਾ ਗਮਨ (ਭੋਗ) ਘੋਰ ਅਪਰਾਧ ਹੈ। ਖੰਡੇ ਦੇ ਅੰਮ੍ਰਿਤਧਾਰੀ ਦੇ ਦਿਲ ਵਿੱਚ ਇਹਨਾਂ ਦੀ ਮੌਜੂਦਗੀ ਕਦਾਚਿਤ, ਕਿਸੇ ਹਾਲਤ ਵਿੱਚ ਵੀ ਨਹੀਂ ਹੋਣੀ ਚਾਹੀਦੀ।

21 ਵੀਂ ਸਦੀ ਦੀ ਪਹਿਲੀ ਵਿਸਾਖੀ ਦੇ ਮੁਬਾਰਕ ਅਵਸਰ ਤੇ ਸਮੂਹ ਸਿੱਖ ਜਗਤ ਨੂੰ ਅੰਮ੍ਰਿਤ ਦੀ ਮਹਾਨਤਾ ਨੂੰ ਸਮਝਦੇ ਹੋਏ ਸਿੰਘ ਸਜਣਾ ਚਾਹੀਦਾ ਹੈ। ਇਹ ਅਟੱਲ ਹਕੀਕਤ ਹੈ ਕਿ ਗੁਰੂ ਬਿਨਾਂ ਗਤਿ ਨਹੀਂ ਹੋ ਸਕਦੀ ਅਤੇ ਨਿਗੁਰੇ ਦਾ ਤਾਂ ਨਾਂ ਵੀ ਬੁਰਾ ਹੈ। ਅਜਿਹੀ ਸਥਿਤੀ ਵਿੱਚ ਫੈਸਲਾ ਅਸੀਂ ਖ਼ੁਦ ਕਰਨਾ ਹੈ ਕਿ ਦਸਮੇਸ਼ ਪਿਤਾ ਦੀ ਪਾਵਨ ਬਖਸ਼ਿਸ਼ ਅੰਮ੍ਰਿਤ ਦੇ ਧਾਰਨੀ ਹੋ ਕੇ, ਗੁਰੂ ਦੇ ਦਰਸਾਏ ਮਾਰਗ ਤੇ ਚਲਦਿਆਂ ਆਤਮਾ ਨੂੰ ਪਰਮ-ਆਤਮਾ ਵਿੱਚ ਲੀਨ ਕਰਨਾ ਹੈ ਜਾਂ ਫਿਰ ਆਵਾਗਵਨ ਦੇ ਚੱਕਰਾਂ ਵਿੱਚ ਗੁਆਚ ਕੇ ਖੁਆਰ ਹੋਣਾ ਹੈ।

ਵਰਤਮਾਨ ਸਮੇਂ ਨਾਰਥ ਅਮਰੀਕਾ ਦੇ ਅਤਿ ਆਧੁਨਿਕ ਤੇ ਪੱਛਮੀ ਸਭਿਆਚਾਰ ਦੇ ਵਾਤਾਵਰਣ ਵਿੱਚ ਰਹਿੰਦਿਆਂ, ਸਿੱਖੀ ਸਿਧਾਂਤਾਂ ਅਤੇ ਖਾਲਸਾਈ ਜੀਵਨ-ਜਾਂਚ ਨੂੰ ਅਪਨਾਉਣਾ ਤਦ ਹੀ ਸੰਭਵ ਹੈ, ਜੇਕਰ ਅਸੀਂ ਗੁਰੂ ਉਪਦੇਸ਼ ਨੂੰ ਸਮਰਪਿਤ ਹੋ ਸਕੀਏ। ਵਕਤ ਬੜਾ ਨਾਜ਼ੁਕ ਹੈ, ਸਾਨੂੰ ਆਪਣੇ ਇਖ਼ਲਾਕੀ ਫਰਜ਼ਾ ਦੀ ਪਹਿਚਾਣ ਕਰਨੀ ਹੋਵੇਗੀ। ਖਾਲਸਾ ਸੁਤੰਤਰ ਜੀਵਨ-ਸ਼ੈਲੀ ਦਾ ਮਾਲਕ ਹੈ ਤੇ ਅਸੀਂ ਖਾਲਸਾ ਪੰਥ ਦੇ ਉਪਾਸ਼ਕ ਹਾਂ। ਇਸ ਵੇਲੇ ਸਾਨੂੰ ਸਵੈ-ਪੜਚੋਲ ਤੇ ਆਤਮ ਵਿਸ਼ਲੇਸ਼ਣ ਕਰਨਾ ਹੋਵੇਗਾ ਕਿ ਕੀ ਅਸੀਂ ਖਾਲਸਾ ਅਖਵਾ ਸਿੰਘ ਅਖਵਾਉਣ ਦੇ ਸਹੀ ਅਰਥਾਂ 'ਚ ਹੱਕਦਾਰ ਹਾਂ? ਕੀ ਅਸੀਂ ਖਾਲਸਾਈ ਫਰਜ਼ਾਂ 'ਤੇ ਪਹਿਰਾ ਦੇ ਰਹੇ ਹਾਂ? ਕੀ ਅਸੀਂ "ਖਾਲਸਾ ਮੇਰੋ ਰੂਪ ਹੈ ਖਾਸ" ਦੇ ਫੁਰਮਾਨ ਅਨੁਸਾਰ ਅਜਿਹੀ ਬਾਹਰੀ ਤੇ ਅੰਦਰੂਨੀ ਸ਼ਖ਼ਸੀਅਤ ਸਥਾਪਤ ਕੀਤੀ ਹੈ, ਜਿਸ 'ਤੇ ਗੁਰੂ ਸਾਹਿਬ ਸਾਡੇ 'ਤੇ ਰਸ਼ਕ ਤੇ ਫਖ਼ਰ ਮਹਿਸੂਸ ਕਰਨ। ਸਦੀਵੀ ਤੌਰ ਤੇ ਸੁਚੇਤ ਹੋ ਕੇ ਸਾਨੂੰ ਚੇਤੇ ਰੱਖਣਾ ਪਵੇਗਾ ਕਿ 'ਰਾਜ ਕਰੇਗਾ ਖਾਲਸਾ' ਸ਼ਬਦ ਦੀ ਸੰਭਾਵਨਾ ਤਦ ਹੀ ਦ੍ਰਿੜ ਹੋ ਸਕੇਗੀ ਜੇਕਰ ਅਸੀਂ ਖੰਡੇ ਦੇ ਅੰਮ੍ਰਿਤ ਹੋ ਕੇ, ਗੁਰੂ ਦੇ ਸੰਦੇਸ਼ ਨੂੰ ਸਮਰਪਿਤ ਹੋਵਾਂਗੇ।

ਵਿਸਾਖੀ-2000 ਦੇ ਮਹਾਨ ਇਤਿਹਾਸਕ ਦਿਹਾੜੇ ਸਮੇਂ ਸਾਨੂੰ ਆਚਾਰ ਤੇ ਕਿਰਦਾਰ, ਕਹਿਣੀ ਤੇ ਕਰਨੀ , ਕਰਮ ਤੇ ਧਰਮ, ਬਾਣੀ ਤੇ ਬਾਣੇ ਦੇ ਰੂਪ ਦਾ ਸਾਰਥਕ ਸੰਗਮ ਸਥਾਪਤ ਕਰਕੇ ਸਿੱਖ ਕੌਮ ਦਾ ਵਿਸ਼ਵ ਇਤਿਹਾਸ ਵਿੱਚ ਸਰਵੋਤਮ ਸਥਾਨ ਉਲੀਕਣ ਲਈ ਉਪਰਾਲਾ ਕਰਨਾ ਚਾਹੀਦਾ ਹੈ। ਤਦ ਹੀ ਅਸਲੀਅਤ ਵਿੱਚ ਵਿਸਾਖੀ ਮਨਾਉਣ ਦਾ ਮਨੋਰਥ ਸੰਪੂਰਨ ਹੋ ਸਕਦਾ ਹੈ।

Punjabi Patrika Cookery Corner

-Baljinder Aulakh

ARABIAN LAMB

Ingredients

2 cans Rainbow Full Cream Evaporated Milk (160ml/170g)
1-1/4 cup/200 gm peeled carrots, cut into slices, 1/2 cm each
1 cup/100 gm strung runner beans, cut into slices, 2 cm each
15 ml/1 tbsp crushed garlic
15 ml/1 tbsp ground ginger
15 ml/1 tbsp seeded and chopped green chillies
Salt to taste
250 ml/1 cup water
2 tbsp pure ghee/oil
300 gm/2 cups frozen peas, thawed
50 gm/1/2 cup elbow macaroni, cooked
For Garnish
1/4 cup finely chopped parsley
200 gm elbow macaroni, cooked

Method

Cook carrots and runner beans separately in salted water. Drain, keep aside.
Combine 1 can Rainbow Milk, garlic, ginger, green chillies, salt and water in a medium sized pan. Cook, covered on low heat till lamb is tender. Dry the liquid if any, on medium heat, stirring constantly.
Add ghee/oil. Fry lamb for 3 minutes on medium low heat, stirring constantly.
Add 1 can Rainblow Milk, peas, cooked macaroni, carrots and beans. Stir. Let it simmer, uncovered on low heat for 7 minutes, stirring occasionally.
Garnish. Serve hot.

VIBA PANCHAMTIA

Lawyer & Notary Public

Now located at the FULL SERVICE LAW FIRM OF:
Kuzminski & Haraldsen
#201 - 2890 Garden Street
Abbotsford, B.C. V2T 4W7
NEW PHONE:853-5401
Fax: 853-8358

Continuing Areas of Practice:

- Impaired Driving/Motor Vehicle Act/Assault/ Drug and Criminal Offences
- Divorces/Separation Agreements/Maintenance/ Custody and Access/Adoptions
- Wills/Estates/Probate/Administration
- Powers of Attorney/Statutory Declarations/ Affidavits/Notarizations/Pension Alive

Now Also:

- Purchase and Sale of Businesses and Farms
- Leases and incorporations
- Personal Injury Claims
- Civil Litigation

ਅਸਮਰਥ ਡਰਾਇਵਿੰਗ/ਮੋਟਰ ਵੀਇਕਲ ਐਕਟ
ਹਮਲਾ/ਡਰੱਗ ਅਤੇ ਫੌਜਦਾਰੀ ਕੇਸ
ਤਲਾਕ/ਅਲਹਿਦਗੀ ਸਮਝੌਤੇ/ਦੇਖਭਾਲ
ਕਸਟਡੀ,ਪਹੁੰਚ/ਗੋਦ ਲੈਣਾ
ਵਸੀਅਤਨਾਮੇ/ਇਸਟੇਟਸ/ਵਸੀਅਤ ਦੀ ਸਰਕਾਰੀ ਤਸਦੀਕ
ਮੁਖਤਾਰਨਾਮੇ/ਹਲਫੀਆ ਬਿਆਨ/ਦਸਤਾਵੇਜ਼
ਪ੍ਰਮਾਣਿਤ ਕਰਨਾ

ਵਕਾਲਤ ਦੀਆਂ ਵਧੀਆ, ਸਸਤੀਆਂ, ਅਤੇ ਉਚ-ਦਰਜ ਤਜਰਬੇਕਾਰ ਸੇਵਾਵਾਂ ਲਈ
ਵੀਬਾ ਪੰਚਮਤੀਆ
ਨਾਲ ਸੰਪਰਕ ਪੈਦਾ ਕਰੋ

Serving the Fraser Valley Since 1982

AVON 2 FOR 1 PIZZA

& CONVENIENCE STORE

GRAND OPENING

2 Large Pizza (With any 3 Toppings each) $17.99	Party Special 3 Large Pizzas (Any 3 Toppings each) $25.99 (2 ltr Pop Free)	Big Party Special 6 Large Pizzas (Any 3 Toppings each) $48.99
Any 3 Speciality Pizzas (Any 3 Toppings each) Med $25.99 Sml $20.99 Lrg $29.99	Great Deal 2 Med Pizza (Mon to Wed) $13.99 1 Ham & Pineapple 1 Pepperoni & Mushroom (Make'em Lrg for $3 more)	ਸਪੈਸ਼ਲ! ਸਪੈਸ਼ਲ!! ਫਰੇਜ਼ਰ ਵੈਲੀ ਵਿੱਚ ਪਹਿਲੀ ਵਾਰ ਗਾਰਲਿਕ ਸੋਸ ਪੀਜ਼ਾ

ਏਵੌਨ ਪੀਜ਼ਾ ਗ੍ਰੈਂਡ ਓਪਨਿੰਗ ਸਪੈਸ਼ਲ

(604) 853-0218

ਪੀਜ਼ਾ ਖਾਣਾ ਹੋਵੇ ਤਾਂ ਇਕੋ ਨਾਂ ਹਮੇਸ਼ਾਂ ਯਾਦ ਰੱਖੋ - ਏਵੌਨ

2610 Cedar Park Place, Abbotsford, B.C.

BROKERS FINANCIAL SERVICES Limited

MORTGAGES MORTGAGES
SAVE TIME & MONEY
Alot More Flexible than BIG BANKS



- Pre-approval done on same day
- Pre-approval rate guarantee 60 days
- Conventional & CMHC Mortgage Property
- First & Second Mortgages
- Commercial Properties & Business Loans
- Construction Financing
- Investment Properties

Saira Aujla

Direct Line 807-0462
Pager 1-888-249-1062

Your search is over, I am in Abbotsford!

ਤੁਹਾਡੀ ਮਾਰਗੇਜ ਐਪਲੀਕੇਸ਼ਨ ਤਿਆਰ ਕਰਨ ਲਈ ਅਸੀਂ ਤੁਹਾਡੇ ਘਰ ਵੀ ਆ ਸਕਦੇ ਹਾਂ।

24 Hrs a Day 7 Days a Week

Fees may be Payable to the Mortgage Broker or Lender

2434 Clearbrook Road, Abbotsford B.C. V2T 2X8
Office Telephone No. 853-9261 Fax: 853-7813

ਘੱਰ ਖਰੀਦਣ ਵੇਲੇ ਕਿਹੜੀ ਇੰਸ਼ਯੂਰੈਂਸ ਲਈ ਜਾਵੇ?

ਗੁਰਬਚਨ ਸਿੰਘ ਔਜਲਾ

ਕਲੈਰਿਕਾ ਲਾਇਫ ਇੰਸ਼ਯੂਰੈਂਸ

ਸਾਡੀ ਜ਼ਿੰਦੇਗੀ ਦੀ ਸੱਭ ਨਾਲੋਂ ਵੱਡੀ ਇਛਾ ਆਪਣੇ ਲਈ ਘਰ ਲੈਣਾ ਹੁੰਦੀ ਹੈ। ਜਦੋ ਅੱਸੀ ਘੱਰ ਖਰੀਦਣ ਲਗਦੇ ਹਾਂ ਤਾਂ ਮਾਰਗੇਜ਼ ਦੇਣ ਵਾਲੀ ਕੰਪਨੀ ਤੁਹਾਨੂੰ ਮਾਰਗੇਜ਼ ਇੰਸ਼ਯੂਰੈਂਸ ਉਸ ਵੇਲੇ ਕਰਵਾਉਣ ਦੀ ਸਲਾਹ ਦੇਵੇਗੀ । ਕੀ ਤੁਸੀਂ ਸੋਚ ਸਕਦੇ ਹੋ ਕਿ ਘਰ ਖਰੀਦਣ ਵੇਲੇ ਮਾਰਗੇਜ਼ ਇੰਸ਼ਯੂਰੈਂਸ ਕਰਵਾਉਣ ਨਾਲੋਂ ਲਾਇਫ ਇੰਸ਼ਯੂਰੈਂਸ ਦੇ ਕੀ ਵੱਧ ਲਾਭ ਹਨ? ਇਹਨਾਂ ਗਲਾਂ ਵੱਲ ਆਮ ਕਰਕੇ ਘਰ ਖਰੀਦਣ ਵੇਲੇ ਖਿਆਲ ਹੀ ਨਹੀਂ ਆਂਦਾ। ਇਹਨਾਂ ਵਿਚ ਕੀ ਫਰਕ ਹੈ ? ਬਰੀਕੀ ਵਿਚ ਸਮਝਣ ਲਈ ਹੇਠਾਂ ਦਿਤੀਆਂ ਗਲਾਂ ਨੂੰ ਜ਼ਰਾ ਧਿਆਨ ਨਾਲ ਪੜਨ ਤੇ ਵਿਚਾਰਨ ਦੀ ਬ੍ਰਹੁਤ ਲੋੜ ਹੈ।

ਲਾਇਫ ਇੰਸ਼ਯੂਰੈਂਸ

- ਤੁਸੀਂ ਕਿਸੇ ਵੀ ਟਾਇਪ ਦੀ ਪਰਮਾਨੈਂਟ ਜਾਂ ਟਰਮ ਇੰਸ਼ਯੂਰੈਂਸ ਲੈ ਸਕਦੇ ਹੋ। ਟਰਮ ਪੋਲਿਸੀ ਨੂੰ ਪਰਮਾਨੈਂਟ ਕਰਨ ਵਿਚ ਸਿਹਤ ਖਰਾਬ ਹੋ ਜਾਣ ਦੇ ਪਖੋਂ ਕੋਈ ਰੁਕਾਵਟ ਨਹੀਂ ਆਵੇਗੀ। ਅਗੇ ਕੁਝ ਟਾਇਮ ਪੈਣ ਤੇ ਇਸ ਪਾਲਿਸੀ ਵਿਚ ਇਤਨੇ ਪੈਸੇ ਜਮਾਂ ਹੋ ਜਾਣਗੇ ਕਿ ਮਾਰਗੇਜ਼ ਪੂਰੀ ਵਾਪਸ ਅਦਾ ਹੋ ਜਾਵੇਗੀ।
- ਲਾਇਫ ਪੋਲਿਸੀ ਲੈਣ ਵੇਲੇ ਤੁਸੀਂ ਆਪਣਾ ਵਾਲੀ ਵਾਰਸ ਚੁਣ ਸਕਦੇ ਹੋ ਜੋ ਕਿ ਬਾਦ ਵਿਚ ਇਸ ਪੈਸੇ ਨੂੰ ਲਾਭਦਾਇਕ ਤਰੀਕੇ ਨਾਲ ਇਨਵੈਸਟ ਕਰਕੇ ਮਾਰਗੇਜ਼ ਮੋੜ ਕੇ ਵੀ ਫਾਇਦਾ ਹਾਸਿਲ ਕਰ ਸਕਦਾ ਹੈ।
- ਜੇ ਤੁਸੀਂ ਮਾਰਗੇਜ਼ ਕਿਸੇ ਹੋਰ ਕੰਪਨੀ ਤੋ ਲੈਂਦੇ ਹੋ, ਤੁਹਾਨੂੰ ਇੰਸ਼ਯੂਰੈਂਸ ਦੁਬਾਰਾ ਲੈਣ ਦੀ ਲੋੜ ਨਹੀਂ। ਖਾਸ ਕਰ ਉਹਨਾਂ ਹਾਲਤਾਂ ਵਿਚ ਇਹ ਲਾਹੇਵੰਦ ਹੈ ਜੇਕਰ ਤੁਹਾਡੀ ਸਿਹਤ ਵਿਚ ਫਰਕ ਪੈਣ ਨਾਲ ਤੁਹਾਨੂੰ ਇੰਸ਼ਯੂਰੈਂਸ ਨਹੀਂ ਮਿਲ ਰਹੀ।
- ਤੁਸੀਂ ਇੰਸ਼ਯੂਰੈਂਸ ਦੀ ਰਕਮ ਮਾਰਗੇਜ਼ ਅਤੇ ਹੋਰ ਕਰਜ਼ੇ ਮਿਲਾ ਕੇ ਕੁਲ ਰਕਮ ਜਿੰਨੀ ਲੈ ਸਕਦੇ ਹੋ।

ਮਾਰਗੇਜ ਇੰਸ਼ਯੂਰੈਂਸ

- ਆਮਤੌਰ ਤੇ ਕੰਪਨੀਆਂ ਜਿਸ ਜਿਸ ਤਰ੍ਹਾਂ ਟਾਇਮ ਪੈਣ ਤੇ ਮਾਰਗੇਜ਼ ਵਾਪਸ ਕਰਨ ਦੀ ਰਕਮ ਘੱਟਦੀ ਹੈ ਉਸੇ ਤਰਾਂ ਪੋਲਿਸੀ ਦੀ ਰਕਮ ਵੀ ਘੱਟ ਸੈਟ ਕਰਦੀ ਹੈ ਤਾਂਕਿ ਕਿਸ਼ਤ ਘੱਟ ਰਹੇ। ਇਹ ਪੋਲਿਸੀ ਜਦੋ ਖਤਮ ਹੁੰਦੀ ਹੈ ਤਾਂ ਕੋਈ ਪੈਸਾ ਨਹੀਂ ਜਮਾਂ ਹੁੰਦਾ ਅਤੇ ਨਾ ਹੀ ਹੋਰ ਇੰਸ਼ਯੂਰੈਂਸ ਵਧਾਈ ਜਾ ਸਕਦੀ ਹੈ।
- ਇਸ ਕਿਸਮ ਦੀ ਇੰਸ਼ਯੂਰੈਂਸ ਲੈਣ ਨਾਲ ਕਿਸੇ ਅਣਸੁਖਾਵੀ ਘੱਟਨਾ ਵਾਪਰਨ ਤੇ ਪੈਸਾ ਮਾਰਗੇਜ਼ ਕੰਪਨੀ ਨੂੰ ਵਾਪਸ ਦੇ ਦਿੱਤਾ ਜਾਂਦਾ ਹੈ।
- ਆਮ ਤੌਰ ਤੇ ਅਗਰ ਤੁਸੀਂ ਮਾਰਗੇਜ਼ ਕਿਸੇ ਹੋਰ ਕੰਪਨੀ ਕੋਲ ਬਦਲਨਾ ਚਾਹੰਦੇ ਹੋ ਤਾਂ ਤੁਹਾਨੂੰ ਇਕ ਤਾਂ ਇੰਸ਼ਯੂਰੈਂਸ ਵਾਸਤੇ ਡਾਕਟਰੀ ਜਾਂਚ ਵਿਚ ਪੂਰਾ ਉਤਰਨਾ ਪਵੇਗਾ, ਅਤੇ ਨਾਲ ਨਾਲ ਵਿਆਜ ਦੀ ਦਰ ਨਵੀਂ ਮਰਗੇਜ਼ ਕੰਪਨੀ ਦੇ ਹਿਸਾਬ ਨਾਲ ਲਗੇਗਾ।
- ਪੋਲਿਸੀ ਜਿੰਨੀ ਤੁਸੀਂ ਮਾਰਟਗੇਜ਼ ਲਈ ਹੈ ਪੂਰੀ ਪੂਰੀ ਉਸੇ ਰਕਮ ਜਿਤਨੀ ਲੈ ਸਕਦੇ ਹੋ।

OFFICE SPACE AVAILABLE FOR RENT

In Abbotsford 13,000 sq.ft space available in a brand new building. Will be ready end of this summer. 4 Punjabi doctors, 1 Punjabi Dentist, 1 Punjabi Pharmacist, 1 Punjabi Physiotherapy will be in the building. High traffic area.

For more information, please call Jasbir Manku at 852-5758.

ਆਫਿਸ ਜਗ੍ਹਾ ਕਿਰਾਏ ਲਈ ਖਾਲੀ

ਐਬਟਸਫੋਰਡ ਵਿੱਚ ਨਵੀਂ ਬਿਲਡਿੰਗ ਵਿੱਚ 13,000 ਸੁਕੇਅਰ ਫੁੱਟ ਜਗ੍ਹਾ ਕਿਰਾਏ ਲਈ ਖਾਲੀ ਹੈ ਜੋ ਕਿ ਬਹੁਤ ਜਲਦੀ ਤਿਆਰ ਹੋਣ ਵਾਲੀ ਹੈ। 4 ਪੰਜਾਬੀ ਡਾਕਟਰ, 1 ਪੰਜਾਬੀ ਡੈਂਟਿਸਟ, 1 ਪੰਜਾਬੀ ਫਾਰਮਾਸਿਸਟ, 1 ਪੰਜਾਬੀ ਫਿਜੀਉਥੈਰਪਿਸਟ ਇਸ ਬਿਲਡਿੰਗ ਵਿੱਚ ਹੋਣਗੇ। ਬਹੁਤ ਹੀ ਵਧੀਆ ਲੋਕੇਸ਼ਨ ਹੈ।

ਹੋਰ ਜਾਣਕਾਰੀ ਲਈ ਜਸਬੀਰ ਮਾਨਕੂ ਨੂੰ 852-5758 ਤੇ ਫੋਨ ਕਰੋ।

Neger Farms Ltd.
Blueberries

- √ Farm Workers Needed
- √ Top Rate Paid
- √ Transportation provided from Abbotsford & Mission
- √ Work within Abbotsford
- √ Good producing clean fields
- √ Strawberry and Blueberry pickers needed
- √ ਫਾਰਮ ਕਾਮਿਆਂ ਦੀ ਲੋੜ
- √ ਵਧੀਆ ਤਨਖਾਹ
- √ ਐਬਟਸਫੋਰਡ, ਮਿਸ਼ਨ ਤੋਂ ਰਾਈਡ ਦਾ ਪੂਰਾ ਪ੍ਰਬੰਧ
- √ ਕੰਮ ਐਬਟਸਫੋਰਡ ਵਿੱਚ
- √ ਸਾਫ ਸੁਥਰੇ ਖੇਤ
- √ ਸਟ੍ਰਾਅਬੇਰੀ, ਬਲੂਬੇਰੀ ਤੋੜਨ ਵਾਲਿਆਂ ਦੀ ਲੋੜ
- √ ਕੀਤੇ ਕੰਮ ਦੀਆਂ ਸਟੈਂਪਾਂ ਦਿੰਦੇ ਹਾਂ

859-4427

Contact:
Bhajan Kaur Neger Or Gage Neger

Laurier LaPierre Support Heritage Fair at MSA Museum Fundraiser

"Canada's great tragedy is that too many Canadians do not know about the nation, its heritage and its history. Too many young people know more U.S. heroes than Canadian heroes."
Laurier LaPierre
National Chair Heritage Fairs Programme

Laurier LaPierre will visit Abbotsford next month to speak at dinner engagement in support of the CRB Regional Heritage Fair, Abbotsford. Mr. LaPierre is the chair of the National Heritage Fair project, which is sponsored by the Charles R Bronfman Foundation. A popular author and broadcaster, Mr.LaPierre is passionate about Canada and its history, and speaks emphatically about both.

The CRB Regional Heritage Fair, which is organized by the MSA Museum, will be held at Sevenoaks Shopping Centre on May 12th & 13th. One hundred and twenty students will attend to showcase their heritage projects and participate in cultural workshops and performances. The Heritage Fair is a multimedia educational programme for students in grades four to nine that increases interest and awareness in Canadian history. Three students will be selected at the Regional Fair to attend the National Heritage Fair in Ottawa this July.

Mr. LaPierre will arrive in Abbotsford on May 5th, first he will visit Robert Bateman Secondary School to recoginze student Karen Lowe's achievement as a winner in the national Tattoo Moose contest.. In addition to the interesting talk, dinner guests may participate in an entertaining auction to raise funds for the local Fair. Auction items include a Robert Bateman print, Royal Doulton figurines, antiques and collectibles. Proceeds from the dinner auction will be used to provide the young participants with an enriching educational experience at the Regional Heritage Fair, Abbotsford. For ticket information call the Museum, 853 0313.

ਸਾਡੇ ਬੱਚੇ....ਸਾਡਾ ਭਵਿੱਖ

1998 ਬੱਜਟ ਅਧੀਨ - ਗੋਰਮਿੰਟ ਗ੍ਰਾਂਟ

ਸਰਕਾਰ ਵਲੋਂ ਆਰ.ਈ.ਐਸ.ਪੀ (R.E.S.P)'ਚ ਬੱਚਿਆਂ ਲਈ ਜਮ੍ਹਾਂ ਕੀਤੇ ਪੈਸਿਆਂ ਤੇ $400 ਦੀ ਸਲਾਨਾ ਸਹਾਇਤਾ ਗੋਰਮਿੰਟ ਗ੍ਰਾਂਟ ਕਿਵੇਂ ਲਈ ਜਾ ਸਕਦੀ ਹੈ।



ਅਜੀਤ ਅਨੰਦ

* ਆਪਣੇ ਬੱਚੇ ਲਈ ਹੈਰੀਟੇਜ ਸਕਾਲਰਸ਼ਿਪ ਪਲਾਨ (H.S.T.P) ਵਿੱਚ $2000 ਸਲਾਨਾ ਜਾਂ $166.66 ਪ੍ਰਤਿ ਮਹੀਨਾ ਰੱਖੋ ਅਤੇ $400.00 ਸਲਾਨਾ ਗੋਰਮਿੰਟ ਗ੍ਰਾਂਟ ਲਵੋ।
* ਇਸ $400 ਸਲਾਨਾ ਨਾਲ ਕੇਂਦਰੀ ਸਰਕਾਰ ਵਲੋਂ 18 ਸਾਲਾਂ ਵਿੱਚ $7200 ਗ੍ਰਾਂਟ ਲਵੇ ਅਤੇ H.S.T.P ਵੱਲੋਂ 8.5% ਲਗਭਗ ਕਮਪਾਊਂਡ ਵਿਆਜ ਜਿਸ ਨਾਲ ਇਹ ਰਕਮ $17600 ਦੇ ਲਗਭਗ ਬਣ ਜਾਂਦੀ ਹੈ, ਜੋ ਟੈਕਸ ਫ੍ਰੀ ਪ੍ਰਾਪਤ ਕਰ ਸਕਦੇ ਹੋ।
* ਜੇ ਬੱਚਾ ਉਚ ਵਿੱਦਿਆ ਲਈ ਨਾ ਵੀ ਜਾਵੇ ਤਾਂ ਆਪਣੀ ਜਮ੍ਹਾਂ ਹੋਈ ਰਕਮ, ਮਾਤਾ ਪਿਤਾ ਗੁੰਜਾਇਸ਼ ਅਨੁਸਾਰ ਆਪਣੀ ਆਰ.ਆਰ. ਐਸ.ਪੀ (R.R.S.P)ਵਿਚ ਬਦਲ ਸਕਦੇ ਹਨ।
* ਹੈਰੀਟੇਜ ਸਕਾਲਰਸ਼ਿਪ ਪਲਾਨ, ਲਾਭ ਰਹਿਤ ਸੰਸਥਾ ਹੈ (Non Profit Foundation) ਅਤੇ ਅੰਤਰ ਰਾਸ਼ਟਰੀ ਪੱਧਰ ਤੇ ਕੰਮ ਕਰਦੀ ਹੈ।
* ਤੁਸੀਂ ਪਲਾਨ ਇੱਕ ਸਾਲ ਤੋਂ ਘੱਟ ਉਮਰ ਦੇ ਬੱਚੇ ਲਈ ਘੱਟੋ ਘੱਟ $9.00 ਪ੍ਰਤਿ ਮਹੀਨਾ ਨਾਲ ਸ਼ੁਰੂ ਕਰ ਸਕਦੇ ਹੋ।

H.S.T.P ਅਤੇ R.E.S.P ਬਾਰੇ ਹੋਰ ਜਾਣਕਾਰੀ ਲਈ ਫੋਨ ਕਰੋ ਜਾਂ ਮਿਲੋ:

ਅਜੀਤ ਸਿੰਘ ਅਨੰਦ, ਐਬਟਸਫੋਰਡ

Associate Enrolment Director, Heritage Scholarship Trust Plan

Tel: 855-6537 Off: 853-6638
Cell: 807-4978 Fax: 853-6692

MASTER LEE'S TAE KWON DO

Our martial arts program helps you and your children learn the skills of discipline, self defence respect, concentration and confidence, in an exciting atmosphere. Your child will love it, and you will love what it does for your child!

Excellent Family Activity. CALL TODAY!
GET YOUR FAMILY INVOLVED IN SELF DEFENCE

ਵਧੀਆ ਪਰਿਵਾਰਿਕ ਸਰਗਰਮੀ! ਸਾਨੂੰ ਅੱਜ ਹੀ ਫੋਨ ਕਰੋ!
ਆਪਣੇ ਸਾਰੇ ਪਰਿਵਾਰ ਨੂੰ ਆਤਮ-ਬਚਾਅ'ਚ ਸ਼ਾਮਿਲ ਕਰੋ

852-8824
201-33386 South Fraser Way
Abbotsford

826-1142
32729 - 7th Avenue
(Bethel Pentecostal Church Gym)
Mission

One Week Training FREE

Bring this coupon for one week of Tae Kwon Do Training. Hurry in, space is limited. Expires Apr. 16/2000. No cash value.

ਐਬਟਸਫੋਰਡ ਆਈ.ਸੀ.ਬੀ.ਸੀ. ਕਲੇਮ ਸੈਂਟਰ ਮੈਨੇਜਰ ਡੱਗ ਕਿੰਟਨ ਦੇ ਡੈਸਕ ਤੋਂ

ਮੇਰਾ ਕੰਮ ਬਹੁਤ ਸਾਰੇ ਅੰਕੜਿਆਂ ਨੂੰ ਵੇਖਣ ਪਰਖਣ ਦਾ ਹੈ। ਮੇਰੇ ਡੈਸੱਕ ਤੇ ਬਹੁਤ ਸਾਰੇ ਗ੍ਰਾਫਾਂ, ਪ੍ਰਖੇਪਣਾਂ ਚਾਰਟਾਂ,ਟਾਈਮਸ਼ੀਟਾ ਅਤੇ ਹਿਸਾਬ ਕਿਤਾਬੀ ਪਰਚਿਆਂ ਦਾ ਢੇਰ ਲੱਗਾ ਹੁੰਦਾ ਹੈ। ਕਈ ਵਾਰ ਤਾਂ ਇੰਝ ਲਗਦਾ ਹੈ ਕਿ ਮੇਰੀ ਦੁਨੀਆਂ ਤਾਂ ਅੰਕੜਿਆਂ ਤੋਂ ਇਲਾਵਾ ਕੁਝ ਨਹੀਂ। ਫਿਰ ਵੀ ਇੰਨਾਂ ਅੰਕਾ ਦੇ ਪਿੱਛੇ ਛੁਪੀ ਕੋਝੀ ਸਚਾਈ ਸਦਾ ਮੈਨੂੰ ਯਾਦ ਕਰਾਉਂਦੀ ਰਹਿੰਦੀ ਹੈ ਕਿ ਸਾਡੇ ਕਲੇਮ ਸੈਂਟਰ ਵਿੱਚ ਕੋਈ ਦਰੜ ਸੁਟਿਆ ਅਤੇ ਭੰਨ ਤੋੜ ਦਿਤਾ ਆਟੋਮੋਬੀਲ ਅਸੈਸੱਮੈਂਟ ਦੀ ਉਡੀਕ ਕਰ ਰਿਹਾ ਹੈ। ਕਿਸੇ ਦੁਰਘਟਨਾ ਨਾਲ ਹੋਇਆ ਇਨਸਾਨੀ ਨੁਕਸਾਨ ਬਹੁਤ ਵੱਡਾ ਹੁੰਦਾ ਹੈ। ਕਿਸੇ ਕ੍ਰੈਸ਼ ਜਾਂ ਟੱਕਰ ਦੇ ਸਿੰਟੇਵਜੋਂ ਉਸ ਵਿੱਚ ਗ੍ਰਸੱਤ ਲੋਕਾਂ ਦੇ ਜੀਵਨ ਬਹੁਤ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਜਾਂਦੇ ਹਨ। ਇਹ ਜਾਣ ਕੇ ਬੇਹੱਦ ਨਿਰਾਸ਼ਾ ਹੁੰਦੀ ਹੈ ਕਿ ਜੇ ਸਫਰ ਕਰ ਰਹੇ ਵਿਅਕਤੀਆਂ ਨੇ ਸੀਟ ਬੈਲਟਾਂ ਲਈਆਂ ਹੁੰਦੀਆਂ ਤਾਂ ਸਾਡੀਆਂ ਸੜਕਾਂ ਉਪਰ ਹੋਣ ਵਾਲੀਆਂ ਬਹੁਤ ਸਾਰੀਆਂ ਮੌਤਾਂ ਅਤੇ ਸੱਟਾਂ ਫੇਟਾਂ ਤੋਂ ਬਚਾਓ ਹੋ ਸਕਦਾ ਸੀ। ਗੱਲ ਸਪੱਸ਼ਟ ਹੈ ਕਿ ਸੀਟ ਬੈਲਟਾਂ ਜਾਨਾਂ ਬਚਾਉਂਦੀਆਂ ਹਨ ਅਤੇ ਸੱਟਾਂ ਫੇਟਾਂ ਰੋਕਦੀਆਂ ਹਨ। ਖੋਜ ਤੋਂ ਪਤਾ ਲਗਦਾ ਹੈ ਕਿ ਮੋਟਰ ਵੀਹਕਲ ਦੇ ਸਵਾਰਾਂ ਲਈ ਸੀਟ ਬੈਲਟਾਂ ਉਨ੍ਹਾਂ ਦੇ ਬਚਾਉ ਲਈ ਇੱਕ ਬਹੁਤ ਵੱਡਾ ਉਪਲਬਧ ਸਾਧਨ ਹੈ। ਅਨੁਮਾਨ ਹੈ ਕਿ ਪੇਟ ਵਾਲੀ ਜਾਂ ਮੋਢੇ ਵਾਲੀ ਬੈਲਟ ਦੀ ਸਹੀ ਵਰਤੋਂ ਨਾਲ ਕ੍ਰੈਸ਼ ਵਿੱਚ ਹੋਣ ਵਾਲੀ ਮੌਤ ਦੀ ਸੰਭਾਵਨਾ 50% ਘੱਟ ਜਾਂਦੀ ਹੈ। ਪਰ ਫਿਰ ਵੀ ਇਸ ਸੂਬੇ ਵਿੱਚ ਸਾਡੀ ਜਾਣਕਾਰੀ ਅਨੁਸਾਰ ਔਸਤਨ ਦਸਾਂ ਵਿੱਚੋਂ ਇੱਕ ਆਦਮੀ ਸੀਟ ਬੈਲਟ ਨਹੀਂ ਲਾਉਂਦਾ। ਕੀ ਇਹ ਹੈਰਾਨੀ ਵਾਲੀ ਗੱਲ ਨਹੀਂ?

ਬਦਕਿਸਮਤੀ ਨਾਲ ਮੈਨੂੰ ਯਾਦ ਹੈ ਉਹ ਸਮਾਂ ਜਦੋਂ ਵੀਹਕਲ ਚਲਾਉਣ ਸਮੇਂ ਡ੍ਰਾਈਵਰ ਲਈ ਬੈਲਟ ਲਾਉਣੀ ਲਾਜ਼ਮੀ ਨਹੀਂ ਸੀ। ਇਸ ਖਿਆਲ ਨਾਲ ਮੈਨੂੰ ਕੰਬਨੀ ਛਿੜ ਜਾਂਦੀ ਹੈ ਕਿ ਟੱਕਰ ਜਾਂ ਕ੍ਰੈਸ਼ ਹੋਣ ਸਮੇਂ ਲਾਗੂ ਹੋਣ ਵਾਲੇ ਭੌਤਕਵਿਗਿਆਨ ਦੇ ਬੇ-ਤਰਸ ਨਿਯਮ ਮੈਨੂੰ ਅਤੇ ਮੇਰੇ ਪਰਿਵਾਰ ਨੂੰ ਕਿੰਨਾ ਅਸੁਰਖਿਅਤ ਬਣਾ ਦਿੰਦੇ ਸਨ। ਜੇ ਲੋਕ ਸੀਟ ਬੈਲਟਾਂ ਦੀ ਵਰਤੋਂ ਨਹੀਂ ਕਰਦੇ ਤਾਂ ਹਾਲ ਇਹੀ ਹੁੰਦਾ ਹੈ। ਮੋਹਰਲੇ ਪਾਸਿਓ ਹੋਣ ਵਾਲੇ ਕ੍ਰੈਸ਼ ਦੌਰਾਨ ਵੀਹਕਲ ਵਿਚਲੇ ਲੋਕ, ਵੀਹਕਲ ਦੀ ਰਫਤਾਰ ਨਾਲ ਹੀ ਚਲਦੇ ਰਹਿੰਦੇ ਹਨ ਜਦੋਂ ਤੱਕ ਉਹ ਵੀਹਕਲ ਦੇ ਅੰਦਰ ਕਿਸੇ ਚੀਜ਼ ਨਾਲ, ਜਾਂ ਸਾਥੀ ਮੁਸਾਫਰਾਂ ਨਾਲ ਨਹੀਂ ਜਾ ਵਜਦੇ ਜਾਂ ਕਾਰੇ ਬਾਹਰ ਨਹੀਂ ਜਾ ਡਿਗਦੇ। ਹਰ ਹਾਲਤ ਵਿੱਚ ਬਾਲਗ ਜਾਂ ਬੱਚੇ ਫਟੇਤ ਹੋ ਜਾਂਦੇ ਹਨ ਜਾਂ ਮਰ ਜਾਂਦੇ ਹਨ। ਜੇ ਤੁਸੀਂ ਬੈਲਟਾਂ ਲਾਈਆਂ ਹੋਣ ਤਾਂ ਸਵਾਰੀਆਂ ਦਾ ਆਪਸੀ ਟੱਕਰ ਨਾਲ ਨੁਕਸਾਨ ਨਹੀਂ ਹੁੰਦਾ।

ਅਜਿਹੇ ਸਮੇਂ ਕੰਮ ਕਰਨ ਵਾਲੀਆਂ ਮਾਰੂ ਸ਼ਕਤੀਆਂ ਨੂੰ ਸਮਝਣ ਲਈ ਇਹ ਉਦਾਹਰਣਾਂ ਸਹਾਇਕ ਹੋ ਸਕਦੀਆਂ ਹਨ। 50 ਕਿ:ਮੀ:/ਘੰਟਾ ਰਫਤਾਰ ਨਾਲ ਚਲ ਰਹੇ ਵੀਹਕਲ ਦੇ ਮੋਹਰਲੇ ਕ੍ਰੈਸ਼ ਸਮੇਂ ਉਸ ਵਿਚਲਾ 150 ਪਾਉਂਡ ਵਜ਼ਨੀ ਸਵਾਰ, ਦੂਸਰੇ ਸਾਥੀਆਂ ਨਾਲ, ਜਾਂ ਵੀਹਕਲ ਦੇ ਅੰਦਰਲੇ ਪਾਸੇ ਨਾਲ ਸਾਢੇ ਤਿੰਨ ਟਨ ਦੇ ਟ੍ਰੱਕ ਦੇ ਭਾਰ ਬਰਾਬਰ ਜਾ ਵਜੱਗਾ ਜਾਂ ਬਾਹਰ ਜਾਂ ਡਿੱਗੇਗਾ। 50 ਕਿ:ਮੀ:/ਘੰਟਾ ਵਾਲੇ ਮੋਹਰਲੇ ਕ੍ਰੈਸ਼ ਵਿੱਚ ਗ੍ਰਸੱਤ 25 ਪਾਉਂਡ ਦਾ ਬੱਚਾ 1200 ਪਾਉਂਡ ਦੇ ਭਾਰ ਨਾਲ ਅੱਗੇ ਜਾ ਵੱਜੇਗਾ। ਅਜਿਹੇ ਦ੍ਰਿਸ਼-ਵੇਰਵੇ ਵਿੱਚ ਇਨਸਾਨੀ ਘਾਣ ਸਭ ਤੋਂ ਵਧੇਰੇ ਹੁੰਦਾ ਹੈ।

ਵੀਹਕਲ ਵਿਚਲੇ ਹਰ ਬੰਦੇ ਨੂੰ ਬੈਲਟ ਲਾਉਣੀ ਚਾਹੀਦੀ ਹੈ। ਬਾਰਾਂ ਸਾਲ ਦੇ ਜਾਂ ਇਸ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਪਿਛਲੀ ਸੀਟ ਤੇ ਬਿਠਾਉਣਾ ਚਾਹੀਦਾ ਹੈ ਅਤੇ ਬਾਲਗਾਂ ਨੂੰ ਇਹ ਵੇਖਣਾ ਚਾਹੀਦਾ ਹੈ ਕਿ ਉਨ੍ਹਾਂ ਬੱਚਿਆਂ ਦੇ ਬੈਲਟ ਠੀਕ ਤਰਾਂ ਲੱਗੀ ਹੋਵੇ। ਵਧੀਆਂ ਸੁੱਰਖਿਆ ਪਰਦਾਨ ਕਰਨ ਲਈ ਲੈਪ ਬੈਲਟ ਪੱਟਾਂ ਤੇ ਚੰਗੀ ਤਰ੍ਹਾਂ ਫਿੱਟ ਹੋਵੇ। ਮੋਢੇ ਵਾਲੀ ਬੈਲਟ ਛਾਤੀ ਉਪਰੋਂ ਹੁੰਦੀ ਹੋਈ ਮੋਢੇ ਉਪਰ ਜਾਵੇ- ਕਦੀ ਵੀ ਬਾਂਹ ਦੇ ਬਲਿਉਂ ਦੀ ਜਾਂ ਬ੍ਰੈਕ (ਪਿੱਠ) ਦੇ ਪਿੱਛੇ ਨਾ ਹੋਵੇ। ਝਟਕਾ ਲੱਗਣ ਵੇਲੇ ਜਾਂ ਝੱਟ ਪੱਟ ਬ੍ਰੇਕ ਲਾਉਣ ਸਮੇਂ ਸੀਟ ਬੈਲਟ ਦੇ ਰੀਟ੍ਰੈਕਟਰ ਲਾਕ ਹੋ ਜਾਂਦੇ ਹਨ ਅਤੇ ਬੈਲਟ ਸਿਸਟਮ ਤੁਹਾਨੂੰ ਆਪਣੇ ਥਾਂ ਸਿਰ ਰੱਖਦਾ ਹੈ। ਇਹ ਬਹੁਤ ਹੀ ਸੌਖੀ ਗਲ ਹੈ। ਆਮ ਸੂਝ-ਬੂਝ ਦੀ ਗੱਲ ਹੈ ਅਤੇ ਕਾਨੂੰਨ ਹੈ।

What's Holding You Back?

From the desk of Doug Kinton: ICBC - Abbotsford Claim Centre Manager

My job involves dealing with a lot of statistics. My desk is often a sea of graphs, projections, charts, time sheets and account balances. Some days it seems like the world is nothing but numbers. However, I am always reminded about the harsh reality behind these figures when I see a mangled and battered automobile awaiting assessment at our Claim Centre. The human toll associated of the effects of a crash is huge. People's lives will have been changed for the worst as a result of the crash or collision the have been involved in. The frustration of knowing that many of the injuries and deaths that occur on our roads could have been avoided had the occupants been wearing a seat belt is enormous.

In plain terms, seat belts save lives and prevent injuries. Research shows that seat belts are the single most protective mechanism available to adult occupants of a motor vehicle. It is estimated that the correct use of a lap/shoulder belt system reduces the likelihood of death in a crash by fifty percent. Despite this, we know that an average of one in ten people in this province still do not buckle up. Amazing isn't it?

Unfortunately, I am old enough to remember the time when it was not mandatory for drivers to wear seat belts when driving. A shiver runs down my back at the thought of how vulnerable this made my family and me to the merciless laws of physics that apply when a vehicle is involved in a collision or crash. This is what happens if people don't use their seat belts. In a frontal crash, the people in the vehicle involved will continue moving at the speed the vehicle was travelling—until they smash into the interior of the vehicle, into other occupants or are thrown out of the car.

In all cases the adults and children affected end up injured or dead. This "human collision" does not happen if you're wearing a lap/shoulder belt system. Here are a couple of examples to help you understand the destructive power of the forces involved. An unbuckled 150 pound adult involved in a 50 km/h frontal crash will collide with other occupants, strike the inside of the vehicle or be ejected with the equivalent weight of a 3-1/2 ton truck. An unrestrained 25-pound child in a 50 km/h frontal crash can be thrown forward with the equivalent weight of a 1,200 pound baby elephant. In these scenarios, flesh and blood always comes off worse.

Everyone in a vehicle should wear seat belts. All children twelve and under should ride in the back and adults should check they are buckled up properly. To provide the best protection, lap belts should fit snug and low over the hips. Shoulder belts must be worn over the shoulder and across the chest - never under the arm of behind the back. On impact or during emergency braking, the seat belt retractors lock-up and the belt system holds you in place. It is that simple. Its just plain common sense and it's the law.

PUNJABI CREDIT UNION

Andy Sidhu of 'Punjabi Patrika' seen here handing a cheque for $2500 to Mr. Gurdev Brar organising director of Punjabi Credit Union. This is the amount needed to become a member of the Punjabi Credit Union. Don't miss this once in a lifetime opportunity of joining this organisation. The Punjabi Credit Union is an open democratic financial institution and welcomes founder members from the community at large. For obtaining membership in this organisation call Nash Gill at 853-9322 or Gurdev Brar at 856-1672. The membership drive is coming to an end in the next few weeks, so hurry up and join soon!



ਮਾਨਯੋਗ ਪ੍ਰੀਮੀਅਰ ਉਜੱਲ ਦੁਸਾਂਝ ਵਲੋਂ 31 ਮਾਰਚ 1931 ਦੇ ਸ਼ਹੀਦਾਂ ਨੂੰ ਸ਼ਰਧਾਜਲੀ ਭੇਟ ਕੀਤੀ ਗਈ

ਇਹ ਸਮਾਗਮ ਭਾਰਤ ਦੇ ਮਹਾਨ ਸ਼ਹੀਦਾਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਰਾਜਗੁਰੂ ਤੇ ਸੁਖਦੇਵ ਦੀ ਯਾਦ ਵਿੱਚ ਲੋਕ ਵਿਰਸਾ ਕਲਚਰਲ ਐਸੋਸੀਏਸ਼ਨ ਵੱਲੋਂ ਐਬਟਸਫੋਰਡ, ਸਿਟੀ ਹਾਲ ਦੇ ਆਡੀਟੋਰੀਅਮ ਵਿੱਚ 26 ਮਾਰਚ ਨੂੰ ਮਨਾਇਆ ਗਿਆ। ਸ਼ੁਰੂਆਤ ਕਰਦਿਆ ਲੋਕ ਵਿਰਸਾ ਦੇ ਪ੍ਰਧਾਨ ਸ਼ਾਂਤੀ ਸਰੂਪ ਨੇ ਬੀ.ਸੀ. ਦੇ ਪ੍ਰੀਮੀਅਰ ਜੋ ਅੱਜ ਦੇ ਮੁੱਖ ਮਹਿਮਾਨ ਸਨ ਮਾਨਯੋਗ ਉਜੱਲ ਦੁਸਾਂਝ ਅਤੇ ਮਾਨਯੋਗ ਮੰਤਰੀ ਸੂਅ ਹੈਮਲ ਅਤੇ ਆਏ ਸਾਰੇ ਪਤਵਤਿ, ਦਰਸ਼ਕਾਂ ਨੂੰ ਜੀ ਜੀਅ ਆਇਆਂ ਆਖਿਆ।

ਸ਼ੋਸ਼ਲ ਵਰਕਰ ਚਰਨਪਾਲ ਗਿੱਲ ਨੇ ਕਿਹਾ ਕਿ ਮੈਂ ਸ਼ਾਂਤੀ ਸਰੂਪ ਤੇ ਉਨ੍ਹਾਂ ਦੇ ਸਾਥੀਆਂ ਨੂੰ ਵਧਾਈ ਦਿੰਦਾ ਹਾਂ ਜੋ ਇਹ ਛੇਵਾਂ ਪ੍ਰੋਗਰਾਮ ਮਹਾਨ ਸ਼ਹੀਦਾਂ ਦੇ ਨਾਮ ਤੇ ਕਰਵਾ ਰਹੇ ਹਨ। ਅੱਜ ਸੱਚੀ ਸ਼ਰਧਾਜਲੀ ਇਹੀ ਹੈ ਕਿ ਜਿਸ ਤਰ੍ਹਾਂ ਆਪਣੇ ਭਾਈਚਾਰੇ ਨੇ ਰਲ ਮਿਲ ਕੇ ਉਜੱਲ ਦੁਸਾਂਝ ਹੁਰਾਂ ਨੂੰ ਪ੍ਰੀਮੀਅਰ ਦੀ ਗੱਦੀ ਤੇ ਬਿਠਾਇਆ ਹੈ ਉਸੇ ਤਰ੍ਹਾਂ ਅਸੀਂ ਸਾਰੇ ਧੜੇਬੰਦੀ ਤੋਂ ਉਪਰ ਉਠਕੇ ਰਲ ਮਿਲ ਕੇ ਸਾਂਝੇ ਕਾਰਜ਼ਾਂ ਲਈ ਅਤੇ ਆਪਣੇ ਹੱਕਾਂ ਲਈ ਸੰਘਰਸ਼ ਕਰਦੇ ਰਹੀਏ।

ਰੇਡੀਓ ਟੀ.ਵੀ. ਦੇ ਬਰਾਡਕਾਸਟਰ ਹਰਜਿੰਦਰ ਬਿੰਦ ਨੇ ਆਪਣੀ ਤਕਰੀਕ ਆਰੰਭ ਕਰਦਿਆਂ ਕਿਹਾ ਕਿ ਮੈਂ ਗਾਂਧੀ ਜੀ ਦੀ ਅਮਨ ਪਸੰਦ ਨੀਤੀ ਦੀ ਕਦਰ ਕਰਦਾ ਹਾਂ, ਪਰ ਭਾਰਤ ਦੀ ਅਜ਼ਾਦੀ ਹਾਸਿਲ ਕਰਨ ਵਿੱਚ ਬੁਨਿਆਦੀ ਹਿਸਾ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਤੇ ਹੋਰ ਲੋਕਾਂ ਦੀਆਂ ਬੇਅੰਤ ਕੁਰਬਾਨੀਆਂ ਦਾ ਹੈ। ਕਾਮਰੇਡ ਕਰਮ ਸਿੰਘ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਤੇ ਪ੍ਰੀਮੀਅਰ ਉਜੱਲ ਦੁਸਾਂਝ ਤੇ ਮੰਤਰੀ ਸੂਅ ਹੈਮਲ ਨੂੰ ਜੀਅ ਆਇਆਂ ਆਖਿਆ ਉਨ੍ਹਾਂ ਇਕੱਤਰਤਾ ਨੂੰ ਸੰਬਧੋਨ ਕਰਦਿਆਂ ਦੱਸਿਆ ਕਿ ਸਾਡੀ ਕਮਿਊਨਿਟੀ ਦੇ ਮਹਾਨ ਸਪੁੱਤਰ ਉਜੱਲ ਦੁਸਾਂਝ ਦੇ ਇਸ ਪਦਵੀ ਤੇ ਪੁਜੱਣ ਦਾ ਪਿਛਲੇ ਸੌ ਸਾਲਾਂ ਦਾ ਇਤਿਹਾਸ ਹੈ ਗਦਰ ਲਹਿਰ ਤੋਂ ਬਾਅਦ ਬੱਬਰ ਅਕਾਲੀ ਲਹਿਰ, ਕੂਕਾ ਲਹਿਰ, ਫਿਰ ਭਗਤ ਸਿੰਘ, ਚੰਦਰ ਸ਼ੇਖਰ ਤੇ ਨੌਜਵਾਨ ਸਭਾ ਲਹਿਰ, ਤਲੰਗਾਨਾ ਦੀ ਮਜ਼ਾਰਾ ਲਹਿਰ, ਰੇਲਵੇ ਅਤੇ ਹੋਰ ਮਜ਼ਦੂਰਾਂ ਦੀਆਂ ਹਜ਼ਾਰਾਂ ਹੜਤਾਲਾਂ ਦੇ ਘੋਲ ਚਲਦੇ ਰਹੇ, ਆਖਰੀ ਸਿਹਰਾ ਨਿਊ ਡੈਮੋਕਰੇਟਿਕ ਪਾਰਟੀ ਤੇ ਉਸ ਨਾਲ ਜੁੜੇ ਲੋਕਾਂ ਸਿਰ ਸੋਂਹਦਾ ਹੈ, ਜਿਨ੍ਹਾਂ ਨਸਲੀ, ਕੋਮੀ ਤੇ ਮਜ਼ਹਬੀ ਫਰਕ ਪਰੇ ਕਰਕੇ ਸਾਨੂੰ ਇਹੋ ਮਾਨ ਬਖਸ਼ਿਆ। ਸੱਚੀ ਸ਼ਰਧਾਜਲੀ ਇਹੀ ਹੈ ਕਿ ਅਮੀਰ ਦੇਸ਼ਾਂ ਤੇ ਗਰੀਬ ਦੇਸ਼ਾਂ ਦਾ ਪਾੜਾ ਘਟਾ ਕੇ ਦੁਨੀਆਂ ਦੇ ਸਾਰੇ ਲੋਕਾਂ ਨੂੰ ਚੰਗੀ ਸਿਹਤ ਤੇ ਐਜੂਕੇਸ਼ਨ ਤੇ ਰੁਜ਼ਗਾਰ ਦੀ ਗਰੰਟੀ ਦਿੱਤੀ ਜਾਵੇ।

ਡਾਕਟਰ ਦਰਸ਼ਨ ਗਿੱਲ, ਪੀ ਐਚ ਡੀ ਬਦੇਸ਼ੀ ਪੰਜਾਬੀ ਸਾਹਿਤ ਲਿਟਰੇਚਰ ਹੁਰਾਂ ਆਪਣੇ ਭਾਸ਼ਨ ਵਿੱਚ ਲੋਕ ਵਿਰਸਾ ਦੇ ਯਤਨਾਂ ਦੀ ਸ਼ਲਾਘਾ ਕੀਤੀ। ਖਾਸ ਤੌਰ ਤੇ ਪ੍ਰਧਾਨ ਸ਼ਾਂਤੀ ਸਰੂਪ ਦੇ ਉਦਮਾ ਦੀ। ਉਨ੍ਹਾਂ ਕਿਹਾ ਕਿ ਇਸ ਮਹਾਨ ਦਿਨ ਦਾ ਅਸਲੀ ਅਰਥ ਇਹੋ ਕਿ ਭਾਰਤੀ ਮੂਲ ਦੇ ਸਾਰੇ ਲੋਕ ਬਾਕੀ ਸਾਰੇ ਲੋਕਾਂ ਨਾਲ ਮਿਲ ਕੇ ਸਾਂਝੀਵਾਲਤਾ ਦੇ ਸੁਪਨਿਆਂ ਨੂੰ ਸਾਕਾਰ ਕਰਦੇ ਹੋਏ ਤੇ ਸ਼ਹੀਦਾ ਦੇ ਆਸਿਆਂ ਨੂੰ ਪੂਰਾ ਕਰਨ ਲਈ ਜੁਝਦੇ ਰਹੀਏ।

ਇਸ ਪਿਛੋਂ ਬੀ.ਸੀ. ਦੇ ਪ੍ਰੀਮੀਅਰ ਮਾਨਯੋਗ ਉਜੱਲ ਦੁਸਾਂਝ ਨੂੰ ਸਟੇਜ਼ ਤੇ ਆਉਣ ਦੀ ਬੇਨਤੀ ਕੀਤੀ ਗਈ ਜਦ ਆਪ ਸਟੇਜ਼ ਤੇ ਆਏ ਤਾਂ ਖਚਾ ਖਚ ਭਰਿਆ ਹੋਇਆ ਹਾਲ ਤਾੜੀਆਂ ਦੀ ਗੂੰਜ ਨਾਲ ਗੂੰਜ ਉਠਿਆ ਮਾਨਯੋਗ ਦੁਸਾਂਝ ਨੇ ਸੰਖੇਪ ਤੇ ਪ੍ਰਭਾਵਸ਼ਾਲੀ ਤਕਰੀਰ ਸ਼ੁਰੂ ਕਰਨ ਤੋਂ ਪਹਿਲਾਂ ਲੋਕ ਵਿਰਸੇ ਦੇ ਪ੍ਰਬੰਧਕਾਂ,

ਵਲੰਟੀਅਰਾਂ ਵਲੋਂ ਇਹ ਮਹਾਨ ਸ਼ਹੀਦੀ ਦਿਨ ਮਨਾਉਣ ਦੀ ਸ਼ਲਾਘਾ ਕੀਤੀ ਉਨ੍ਹਾਂ ਕਿਹਾ ਕਿ ਸਾਨੂੰ ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੀ ਹੀ ਯਾਦ ਦੇ ਨਾਲ ਨਾਲ ਉਨ੍ਹਾਂ ਸਾਰੇ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਵੀ ਯਾਦ ਰੱਖਣਾ ਚਾਹੀਦਾ ਹੈ ਜਿਹੜੇ ਸਾਡੇ ਚੰਗੇਰੇ ਭੱਵਿਖ ਲਈ ਜਦੋ-ਜਹਿਦ ਕਰ ਰਹੇ ਹਨ ਜਾਂ ਕਰ ਚੁੱਕੇ ਹਨ ਜਾਂ ਜਿੰਨਾ ਦੇਂ ਬਹੁਤੇ ਗੁਮਨਾਮ ਹੀ ਦੁਨੀਆਂ ਤੋਂ ਚਲੇ ਗਏ। ਇਸ ਤੋਂ ਬਿਨਾਂ ਸੰਸਾਰ ਦੇ ਕਿਸੇ ਵੀ ਹਿਸੇ ਵਿੱਚ ਮਨੁੱਖ ਦੀ ਅਜ਼ਾਦੀ ਤੇ ਬਰਾਬਰਤਾ ਲਈ ਸੰਘਰਸ਼ ਕਰਦੇ ਲੋਕਾਂ ਨੂੰ ਵੀ ਯਾਦ ਰੱਖਣਾ ਚਾਹੀਦਾ ਹੈ, ਜਿਵੇਂ ਅਫਰੀਕਾ ਦਾ ਨੈਲਸਨ ਮੰਡੇਲਾ ਨੇ 25, 30 ਸਾਲ ਰੰਗ ਭੇਦ ਦੀ ਨੀਤੀ ਵਿਰੁਧ ਤੇ ਬਰਾਬਰਤਾ ਲਈ ਸੀਖਾਂ ਪਿਛੇ ਬੀਤਾਏ। ਇਸ ਸਮੇਂ ਮਾਨਯੋਗ ਦੁਸਾਂਝ ਹੁਰਾਂ ਨਾਲ ਉਨ੍ਹਾਂ ਦੀ ਧਰਮ ਪਤਨੀ ਰਾਜਿੰਦਰ ਕੌਰ ਵੀ ਸਨ।

ਤਰਨਜੀਤ ਪੁਰੇਵਾਲ ਪ੍ਰਧਾਨ ਨਿਓ ਡੈਮੋਕਰੇਟਿਕ ਪਾਰਟੀ ਐਬਟਸਫੋਰਡ ਨੇ ਕਿਹਾ ਕਿ ਇਸ ਵੇਲੇ ਹਲਾਤ ਬਦਲ ਚੁੱਕੇ ਹਨ। ਬੀ.ਸੀ. ਚ ਪਹਿਲੀ ਵਾਰ ਘੱਟ ਗਿਣਤੀ ਦ ਪ੍ਰੀਮੀਅਰ ਬਣਿਆ ਹੈ ਪਿਛਲੀ

ਸਦੀ ਦੇ ਸ਼ੁਰੂ ਚ ਪੰਜਾਬੀ ਵਾਪਸ ਮੋੜੇ ਗਏ ਸਨ ਤੇ ਨਵੀਂ ਸਦੀ ਦੇ ਸ਼ੁਰੂ ਵਿੱਚ ਉਨ੍ਹਾਂ ਪੰਜਾਬੀਆਂ ਚੋਂ ਹੀ ਪੰਜਾਬ ਦਾ ਇੱਕ ਹੀਰਾ ਬੀ.ਸੀ. ਦੇ ਪ੍ਰੀਮੀਅਰ ਦੀ ਕੁਰਸੀ ਤੇ ਬਿਰਾਜਮਾਨ ਹੋਇਆ ਹੈ

ਮੋਹ ਗਿੱਲ, ਸਿਟੀ ਕੌਂਸਲਰ ਐਬਟਸਫੋਰਡ ਨੇ ਮੁੱਖ ਮਹਿਮਾਨ ਉਜੱਲ ਦੁਸਾਂਝ ਨੂੰ ਜੀਅ ਆਇਆਂ ਆਖਿਆ ਤੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਇਕ ਦਿਨ ਅਸੀਂ ਆਪਣਾ ਪ੍ਰਧਾਨ ਮੰਤਰੀ ਵੀ ਬਣਾ ਲਵਾਂਗੇ। ਇਹ ਸਾਰਾ ਕੁਝ ਅੱਜ ਉਨ੍ਹਾਂ ਸ਼ਹੀਦਾਂ ਕਰਕੇ ਹੀ ਹੋ ਸਕਿਆ ਹੈ। ਇਸ ਤੋਂ ਬਾਅਦ ਲੋਕ ਵਿਰਸਾ ਵਲੋਂ ਮਾਨਯੋਗ ਪ੍ਰੀਮੀਅਰ ਉਜੱਲ ਦੁਸਾਂਝ ਅਤੇ ਮੰਤਰੀ ਸੂਅ ਹੈਮਲ ਨੂੰ ਉਨ੍ਹਾਂ ਦੇ ਮਾਣ ਵਿੱਚ ਪਲੇਕਾਂ ਭੇਟ ਕੀਤੀਆਂ ਗਈਆਂ। ਇਸ ਤੋਂ ਬਿਨਾਂ ਸਮਾਗਮ ਚ ਜਨਚੇਤਨਾ ਕਲਾ ਮੰਚ ਸਰੀ-ਡੋਲਟਾ ਵੱਲੋਂ ਭਗਤ ਸਿੰਘ ਤੇ ਡਰਾਮਾ ਪੇਸ਼ ਕੀਤਾ ਗਿਆ ਤੇ ਤਰਕਸ਼ੀਲਾਂ ਦੀ ਇੱਕ ਸਕਿਟ ਪਖੰਡੀ ਸਾਧਾਂ ਬਾਰੇ ਪੇਸ਼ ਕੀਤੀ ਗਈ। ਲੋਕਾਂ ਨੇ ਸਾਰਾ ਪ੍ਰੋਗਰਾਮ ਬੜੇ ਚਾਅ ਨਾਲ ਦੇਖਿਆ । ਇਥੋਂ ਤਾਈਂ ਕਿ ਲੋਕ ਬਿਨ੍ਹਾਂ ਸੀਟਾਂ ਤੋਂ ਵੀ ਖੜੇ ਹੋ ਕੇ ਬੜੀ ਖੁਸ਼ੀ ਨਾਲ ਦੇਖਦੇ ਰਹੇ। ਇਸ ਮਹਾਨ ਦਿਨ ਤੇ ਭਗਤ ਸਿੰਘ ਤੇ ਹੋਰ ਸੂਰਬੀਰਾਂ ਦੇ ਗੀਤ ਲੋਕਲ ਕਲਾਕਾਰਾਂ ਨੇ ਪੇਸ਼ ਕਰਕੇ ਲੋਕਾਂ ਦੇ ਮਨ ਜਿੱਤੇ, ਜਿਨ੍ਹਾਂ ਵਿੱਚ ਸੁਬੇਦਾਰ ਅਜਾਇਬ ਸਿੰਘ, ਮੁਖਤਿਆਰ ਗਰੇਵਾਲ, ਹਰਵਿੰਦਰ ਬਿੰਦਾ, ਸ਼ਸ਼ੀ ਲਤਾ ਵਿਰਕ, ਇੰਦਰਪਾਲ ਸੋਨੀ, ਨਿਰਮਲ ਸੰਧੂ, ਦੀਪਾ ਤੇ ਰੁਪਿੰਦਰ ਭੁਲਰ ਤੇ ਕਵੀਸ਼ਰੀ ਰਤਨ ਸਿੰਘ ਰਤਨ ਤੇ ਦਰਸ਼ਨ ਸੰਧੂ ਤੇ ਢਾਡੀ ਜਥਾ ਨਰਿੰਦਰ ਸਿੰਘ ਭੱਲਾ ਹੁਰਾਂ ਨੇ ਭਗਤ ਸਿੰਘ ਦੀਆਂ ਵਾਰਾਂ ਸੁਣਾਈਆਂ। ਗੁਰਚਰਨ ਸਿੰਘ ਗਿੱਲ ਹੁਰਾਂ ਦੀਆਂ ਨਜ਼ਮਾਂ, ਅਤੇ ਵਿਜੈ, ਗੁਰਦੀਪ ਭੁਲਰ ਤੇ ਸਰਬਜੀਤ ਸ਼ਾਹਕੋਟੀ ਨੇ ਵੀ ਕਲਾਕਾਰਾਂ ਦੀ ਮਿਊਜ਼ਕ ਤੇ ਮਦਦ ਕੀਤੀ। ਰੂਪ ਸਿੰਘ ਧਾਲੀਵਾਲ ਨੇ ਵੀ ਰੇਡੀਓ ਬਰਾਡ ਕਾਸਟ ਹਰਜਿੰਦਰ ਸਿੰਘ ਬਿ

ਸਥਾਨਕ ਖਬਰਾਂ

ਘੇਰਲੂ ਬਗੀਚੇ ਵਿੱਚੋਂ ਨਦੀਨ ਕਢੱਣ ਦਾ ਮਸਲਾ

ਆਮ ਵੇਖਣ ਵਿੱਚ ਆਇਆ ਹੈ ਕਿ ਲੋਕ ਆਪਣੇ ਘਰੇਲੂ ਬਗੀਚੇ ਵਿਚੋਂ ਨਦੀਨ/ਘਾਹ ਫੂਸ ਕੱਢਣ ਲਈ ਪੈਸਿਆਂ ਨਾਲੋਂ ਸਮਾਂ ਜ਼ਿਆਦਾ ਲਾਉਂਦੇ ਹਨ। ਥੋੜੀ ਜਿਹੀ ਪਲੈਨਿੰਗ ਅਤੇ ਸਹੀ ਸੰਦ ਵਰਤਣ ਨਾਲ ਸਮੇਂ ਦੀ ਕਾਫੀ ਬੱਚਤ ਹੋ ਸਕਦੀ ਹੈ। ਇਹ ਸੱਚ ਹੈ ਕਿ ਨਦੀਨ ਬੜੀ ਤੇਜ਼ੀ ਨਾਲ ਵੱਧ ਫੁਲ ਜਾਂਦੇ ਹਨ। ਉਨ੍ਹਾਂ ਵਿੱਚੋਂ ਕਈ ਐਸੇ ਹਨ ਜੋ ਬਸੰਤ ਰੁੱਤ ਵਿੱਚ ਮਿੱਟੀ ਉਲਟਾਉਣ ਨਾਲ ਧੁੱਪ ਤੇ ਨਮੀ ਦੀ ਸਹਾਇਤਾ ਨਾਲ ਝੱਟ ਫੁੱਟ ਪੈਂਦੇ ਹਨ। ਨਦੀਨ ਨੂੰ ਕੰਟਰੋਲ ਕਰਨ ਦੇ ਕੁੱਝ ਤਰੀਕੇ ਇਸ ਤਰ੍ਹਾਂ ਹਨ:-

* ਫੋਟ ਨੂੰ ਜੰਮਦਿਆ ਸਾਰ ਹੱਥ ਨਾਲ ਪੁੱਟ ਦੇਣਾ। ਕਈ ਨਦੀਨ ਤਾਂ ਸਿਰਫ ਹੱਥ ਨਾਲ ਹੀ ਪੁੱਟੇ ਜਾ ਸਕਦੇ ਹਨ। ਉਨ੍ਹਾਂ ਵਾਸਤੇ ਹੋਰ ਕੋਈ ਢੰਗ ਨਹੀਂ।
* ਕੁੱਝ ਨਦੀਨ ਕਸੀਏ ਨਾਲ ਹੀ ਖਤਮ ਕੀਤੇ ਜਾ ਸਕਦੇ ਹਨ। ਉਨ੍ਹਾਂ ਦੀਆਂ ਸਿਰੀਆਂ ਕਸੀਏ ਨਾਲ ਖਰੋਚ ਦਿਤੀਆਂ ਜਾਂਦੀਆਂ ਹਨ। ਕਸੀਏ ਵੀ ਕਈ ਤਰ੍ਹਾਂ ਦੇ ਮਿਲਦੇ ਹਨ। ਵਾਰਸ਼ਿਕ ਨਦੀਨਾਂ ਲਈ ਕਸੀਏ ਦੀ ਵਰਤੋਂ ਹੀ ਠੀਕ ਰਹਿੰਦੀ ਹੈ।
* ਟਾਰਚ ਦੀ ਲਾਈਟ ਨਾਲ ਕਈ ਨਦੀਨਾਂ ਦੇ ਪਤੇ ਝੁਲਸ ਦਿਤੇ ਜਾਂਦੇ ਹਨ। ਪਰ ਘਾਹ ਇਸ ਨਾਲ ਕਾਬੂ ਨਹੀਂ ਆਉਂਦਾ।
* ਉਬਲਦਾ ਪਾਣੀ ਵੀ ਕਈ ਨਦੀਨਾਂ ਨੂੰ ਖਤਮ ਕਰਨ ਵਿੱਚ ਸਹਾਇਤਾ ਕਰਦਾ ਹੈ।
* ਨਦੀਨ ਮਾਰੂ ਕੈਮੀਕਲਜ਼ ਦੀ ਵਰਤੋਂ ਸਭ ਤੋਂ ਸੌਖਾ ਤਰੀਕਾ ਹੈ ਨਦੀਨ ਨੂੰ ਖਤਮ ਕਰਨ ਦਾ।

ਇਸ ਤੋਂ ਇਲਾਵਾ ਸਬਜ਼ੀਆਂ ਨੂੰ ਕੀੜਿਆਂ ਪਤੰਗਿਆਂ ਤੋਂ ਬਚਾਉਣ ਲਈ ਕੀਟ-ਨਾਸ਼ਕ ਦਵਾਈਆਂ ਦੀ ਵਰਤੋਂ ਕਰਨੀ ਚਾਹੀਦੀ ਹੈ। ਗ੍ਰੀਨ ਅਰਥ ਰੀਟੋਨੋਨ ਡਸਟ ਬਹੁਤ ਵਧੀਆ ਬੋਟੈਨੀਕਲ ਕੀਤ ਨਾਸ਼ਕ ਹੈ। ਇਹ ਬਹੁਤ ਸਾਰੇ ਕੀੜਿਆਂ ਪਤੰਗਿਆਂ ਨੂੰ ਮਾਰ ਮੁਕਾਉਂਦੀ ਹੈ। ਪਰ ਇਸ ਦੀ ਵਰਤੋਂ ਕਰਨ ਤੋਂ ਪਹਿਲਾਂ ਲੇਬਲ ਦੀਆਂ ਹਦਾਇਤਾਂ ਨੂੰ ਗਹੁ ਨਾਲ ਪੜ੍ਹਨਾਂ ਅਤੇ ਉਨ੍ਹਾਂ ਉਪਰ ਅਮਲ ਕਰਨਾ ਜ਼ਰੂਰੀ ਹੈ। ਸਚੇਤ ਰਹੋ ਕਿ ਇਹ ਡਸਟ ਸਾਹ ਰਾਹੀਂ ਅੰਦਰ ਨਾ ਚਲੀ ਜਾਵੇ।

ਖਾਣ-ਪੀਣ ਦਾ ਵਿਗਾੜ ਘਾਤਕ ਹੋ ਸਕਦਾ ਹੈ

ਡਾਕਟਰ ਕੇਨ ਹਰਸਟ ਨੇ ਫ੍ਰੇਜ਼ਰ ਵੈਲੀ ਹੈਲਥ ਰਿਜਨ ਨੂੰ ਸਚੇਤ ਕਰਦਿਆਂ ਦਸਿਆ ਕਿ ਖਾਣ-ਪੀਣ ਦੇ ਵਿਗਾੜ ਵਾਲੇ ਜੋ ਰੋਗੀ ਹਸਪਤਾਲ ਵਿੱਚ ਦਾਖਿਲ ਕੀਤੇ ਜਾਂਦੇ ਹਨ, ਉਨ੍ਹਾਂ ਵਿੱਚੋਂ 10% ਦਮ ਤੋੜ ਜਾਂਦੇ ਹਨ। ਬੀ.ਸੀ. ਵਿੱਚ ਅਜਿਹੇ ਰੋਗੀਆਂ ਦੀ ਗਿਣਤੀ ਐਬਟਸਫੋਰਡ ਅਤੇ ਚਿਲਾਵੈਕ ਵਿੱਚ ਸਭ ਤੋਂ ਵੱਧ ਹੈ। ਉਸ ਨੇ ਬੇਨਤੀ ਕੀਤੀ ਕਿ ਚਿਲਾਵੈਕ ਵਿੱਚ ਹਫਤੇ ਵਿੱਚ ਘੱਟੋ-ਘੱਟ ਅੱਧੇ ਦਿਨ ਲਈ ਕਿਸੇ ਖੁਰਾਕੀ ਮਾਹਿਰ ਦੀ ਸੇਵਾ ਪ੍ਰਾਪਤ ਕਰਨ ਲਈ ਬੱਜਟ ਵਿੱਚ ਹਰ ਸਾਲ ਤੁੱਛ ਜਿਹੀ ਰਾਸ਼ੀ $8300 ਦੀ ਵਿਵਸਥਾ ਕੀਤੀ ਜਾਣੀ ਚਾਹੀਦੀ ਹੈ। ਇਸ ਸੰਬੰਧ ਵਿੱਚ ਕੁੱਝ ਡਾਕਟਰ ਵੈਲੀ ਵਿੱਚ ਅਜਿਹੀ ਸੇਵਾ ਪ੍ਰਦਾਨ ਕਰਦੇ ਹਨ ਪਰ ਇਹ ਮੁਲੋਂ ਹੀ ਥੋੜੀ ਹੈ। ਉਡੀਕ ਸਮਾਂ ਬਹੁਤ ਲੰਮਾ ਹੈ। ਵੇਲੇ ਸਿਰ ਸੇਵਾ ਨਾ ਮਿਲਣ ਦੇ ਫਲ ਸਰੂਪ ਰੋਗੀਆਂ ਦੀ ਹਸਪਤਾਲ ਵਿੱਚ ਠਹਿਰ ਲੰਮੀ ਹੋ ਜਾਂਦੀ ਹੈ। ਖੁਰਾਕੀ ਵਿਗਾੜ ਨਾਲ ਦਿਲ ਦੀ ਬਿਮਾਰੀ, ਅਲਸਰ, ਦੰਦਾਂ ਦਾ ਰੋਗ, ਗਰਭ-ਪਾਤ, ਪੇਟ ਦੀ ਗੜਬੜ ਵਰਗੇ ਹੋਰ ਰੋਗ ਹੋ ਜਾਂਦੇ ਹਨ। ਡਾਕਟਰ ਕੇਨ ਦੀ ਉਪਰੋਕਤ ਬੇਨਤੀ ਦਾ ਅਜੇ ਤੱਕ ਹੈਲਥ ਰਿਜਨ ਉਪਰ ਕੋਈ ਅਸਰ ਨਹੀਂ ਹੋਇਆ ਜਾਪਦਾ।

ਮਿਸ਼ਨ ਦੀ ਲਿਬਰਲ ਨੋਮੀਨੇਸ਼ਨ ਵਿੱਚ ਗਰਮਾਇਸ਼

ਮਿਸ਼ਨ-ਮੇਪਲਰਿਜ ਹਲਕੇ ਵਿੱਚ ਅਗਲੇ ਸਾਲ ਹੋਣ ਵਾਲੀਆਂ ਸੂਬਾਈ ਚੋਣਾਂ ਵਿੱਚ ਲਿਬਰਲ ਪਾਰਟੀ ਦਾ ਟਿਕਟ ਲੈਣ ਦੇ ਉਮੀਦਵਾਰਾਂ ਦੀ ਮੁਹਿੰਮ ਵਿੱਚ ਉਦੋਂ ਗਰਮਾਇਸ਼ ਆਉਂਦੀ ਜਾਪੀ ਜਦੋਂ ਉਨ੍ਹਾਂ ਨੇ ਇੱਕ ਦੂਜੇ ਨੂੰ ਇਸ ਦੌੜ ਵਿੱਚੋਂ ਪਾਸੇ ਹਟ ਜਾਣ ਦੀ ਗਲ ਕੀਤੀ। ਜਤੀ ਸਿੱਧੂ ਦਾ ਕਹਿਣਾ ਹੈ ਕਿ ਜੋ ਮਿਸ਼ਨ ਦੇ ਮੇਅਰ ਰੈਂਡੀ ਹਾਜ਼ ਇਹ ਚੋਣ ਲੜਨਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਮੇਅਰ ਦਾ ਪਦ ਛੱਡ ਦੇਣਾ ਚਾਹੀਦਾ ਹੈ। ਚਿਲਾ ਵੈਕ ਦੇ ਮੇਅਰ ਨੇ ਪਹਿਲਾਂ ਇਉਂ ਹੀ ਕੀਤਾ ਸੀ। ਰੈਂਡੀ ਨੇ ਕਿਹਾ ਕਿ ਜੇ ਜਤਿੰਦਰ ਸਿੱਧੂ ਮਿਸ਼ਨ ਵਿੱਚ ਨਹੀਂ ਰਹਿੰਦੇ ਤਾਂ ਉਨ੍ਹਾਂ ਨੂੰ ਇਸ ਹਲਕੇ ਤੋਂ ਉਮੀਦਵਾਰ ਨਹੀਂ ਬਣਨਾ ਚਾਹੀਦਾ। ਮੈਂ ਅਤੇ ਮਿਸ਼ਨ ਦੇ ਲੋਕ ਨਹੀਂ ਚਾਹੁੰਦੇ ਕਿ ਸਿੱਧੂ ਐਸੰਬਲੀ ਵਿੱਚ ਉਨ੍ਹਾਂ ਦੀ ਪ੍ਰਤੀਨਿਧਤਾ ਕਰਨ। ਉਨ੍ਹਾਂ ਕਿਹਾ ਕਿ ਨੋਮੀਨੇਸ਼ਨ ਮੁਹਿੰਮ ਦੇ ਸਮੇਂ ਦੌਰਾਨ ਮੈਂ ਮੇਅਰ ਬਣਿਆ ਰਹਾਂਗਾ ਪਰ ਮੇਅਰ ਦੀ ਤਨਖਾਹ ਨਹੀਂ ਲਵਾਂਗਾ। ਇਉਂ ਜਾਪਦਾ ਹੈ ਕਿ ਇਹ ਮੁਹਿੰਮ ਕਾਫੀ ਭਖਵੀਂ ਹੋਵੇਗੀ।

ਪੰਜਾਬੀ ਪੱਤ੍ਰਿਕਾ ਵਿਚ ਛਪੇ ਲੇਖਾਂ ਵਿਚ ਪ੍ਰਗਟਾਏ ਗਏ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਪੰਜਾਬੀ ਪੱਤ੍ਰਿਕਾ ਦਾ ਇਨ੍ਹਾਂ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

ਵਿਦੇਸ਼ੀ ਵਿਦਿਆਰਥੀਆਂ ਲਈ ਵੀਜ਼ਾ ਸ਼ਰਤਾਂ ਸਖ਼ਤ ਹੋਇਆਂ?

ਕੈਨੇਡਾ ਦੀਆਂ ਯੂਨੀਵਰਸਟੀਆਂ ਦੇ ਅਧਿਕਾਰੀ ਮਹਿਸੂਸ ਕਰਦੇ ਹਨ ਕਿ ਇਮੀਗ੍ਰੇਸ਼ਨ ਅਧਿਕਾਰੀ ਵਿਦੇਸ਼ੀ ਵਿਦਿਆਰਥੀਆਂ ਨੂੰ ਵੀਜ਼ਾ ਦੇਣ ਵੇਲੇ ਵਧੇਰੇ ਸਖਤੀ ਵਰਤ ਰਹੇ ਹਨ। ਪਰ ਆਵਾਸੀ ਵਿਭਾਗ ਦੇ ਅਧਿਕਾਰੀ ਇਸ ਤੋਂ ਮੁਨਕਰ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਅਸੀਂ ਹੱਕੀ ਵਿਦਿਆਰਥੀਆਂ ਨੂੰ ਵੀਜ਼ਾ ਦੇਣ ਤੋਂ ਕਦੀ ਨਾਂਹ ਨਹੀਂ ਕੀਤੀ। ਕੇਵਲ ਉਨ੍ਹਾਂ ਨੂੰ ਕੀਤੀ ਜਾਂਦੀ ਹੈ ਜਿਹੜੇ ਸਾਡੇ ਜਾਚੇ ਇਥੋਂ ਦਾ ਖਰਚਾ ਦੇਣ ਯੋਗ ਨਹੀਂ ਹੁੰਦੇ ਅਤੇ ਬਾਅਦ ਵਿੱਚ ਉਨ੍ਹਾਂ ਵਲੋਂ ਰਫਿਊਜੀ ਸਟੇਟਸ ਮੰਗੇ ਜਾਣ ਦੀ ਸੰਭਾਵਨਾ ਹੁੰਦੀ ਹੈ। ਅੰਕੜੇ ਦਸਦੇ ਹਨ ਕਿ ਅਜਿਹੇ ਬਿਨੇਕਾਰਾਂ ਵਿੱਚੋਂ 16% ਨੂੰ ਵੀਜ਼ੇ ਤੋਂ ਨਾਂਹ ਕਰ ਦਿੱਤੀ ਜਾਂਦੀ ਹੈ। ਪਾਕਿਸਤਾਨ ਤੋਂ ਆਉਣ ਵਾਲੇ ਚਾਹਵਾਨ ਵਿਦਿਆਰਥੀਆਂ ਚੋਂ 69% ਦੀਆਂ ਅਰਜ਼ੀਆਂ ਨਾ ਮਨਜ਼ੂਰ ਹੋਈਆਂ ਪਰ ਜਰਮਨ ਤੋਂ ਕੇਵਲ 1.3%, ਜਾਪਾਨ ਤੋਂ 1.5% ਅਤੇ ਫਰਾਂਸ ਤੋਂ 2.9% ਬਿਨੇਕਾਰਾਂ ਨੂੰ ਨਾਂਹ ਹੋਈ। ਕੁੱਝ ਹੋਰ ਦੇਸ਼ਾਂ ਦੇ ਕੇਸਾਂ ਦੇ ਨਾਂਹ ਦਰ ਕੁੱਝ ਇਸ ਤਰ੍ਹਾਂ ਹੈ - ਫਿਲਪਾਈਨ 64%, ਚੀਨ 42% , ਬੰਗਲਾ ਦੇਸ਼ 41%, ਜਾਰਡਨ 39% । ਪਿਛਲੇ ਸਾਲ ਯੂਨੀਵਰਸਟੀਆਂ ਵਿੱਚ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ 35,556 ਸੀ ਅਤੇ ਸਕੂਲਾਂ ਵਿੱਚ 15000। ਅਜਿਹੇ ਵਿਦਿਆਰਥੀਆਂ ਨੂੰ ਕੈਨੇਡਾ ਦੀਆਂ ਫੀਸ ਦਰਾਂ ਤੋਂ ਦੁਗਣੇ ਤੋਂ ਵੀ ਵੱਧ ਫੀਸਾਂ ਦੇਣੀਆਂ ਪੈਂਦੀਆਂ ਹਨ ਅਤੇ ਉਨ੍ਹਾਂ ਤੋਂ $125 ਮਿਲੀਅਨ ਦੀ ਆਮਦਨ ਹੁੰਦੀ ਹੈ।

ਪੁਰਾਣੀਆਂ ਵਸਤਾਂ ਵਾਲੇ ਸਟੋਰਾਂ ਪ੍ਰਤੀ ਨਿਯਮ ਸਖ਼ਤ

ਐਬਟਸਫੋਰਡ ਸਿਟੀ ਕਾਉਂਸਲ ਨੇ ਡਾਊਨ ਟਾਊਨ ਵਿੱਚ ਪੁਰਾਣੀਆਂ ਚੀਜ਼ਾਂ ਵੇਚਣ ਵਾਲੇ ਸਟੋਰਾਂ ਪ੍ਰਤੀ ਆਪਣੇ ਅਧਿ-ਨਿਯਮਾਂ ਵਿੱਚ ਤਬਦੀਲੀ ਲਿਆ ਕੇ ਅਜਿਹੇ ਸਟੋਰਾਂ ਬਾਰੇ ਨਿਯਮ ਕੁੱਝ ਸਖ਼ਤ ਕੀਤੇ ਹਨ। ਇਹ ਤਬਦੀਲੀ ਡਾਉਨ ਟਾਉਨ ਵਪਾਰ ਐਸੋਸੀਏਸ਼ਨ ਦੀ ਮੰਗ ਨੂੰ ਪ੍ਰਵਾਨ ਕਰਦਿਆਂ ਕੀਤੀ ਹੈ।

ਇਸ ਤਬਦੀਲੀ ਅਨੁਸਾਰ ਅਜਿਹੇ ਦੋ ਸਟੋਰਾਂ ਵਿਚਕਾਰ ਘੱਟੋ-ਘੱਟ 300 ਮੀਟਰ ਦੀ ਦੂਰੀ ਹੋਣੀ ਜ਼ਰੂਰੀ ਹੈ। ਪੁਰਾਣੇ ਕੰਪਿਊਟਰਾਂ, ਫੈਕਸ ਮਸ਼ੀਨਾਂ, ਪ੍ਰਿੰਟਰਜ਼, ਬਾਈਕਾਂ ਆਦਿ ਲਈ 2.5 ਵਰਗ ਮੀਟਰ ਤੋਂ ਵੱਧ ਥਾਂ ਹੋਣੀ ਚਾਹੀਦੀ ਹੈ। ਪੁਰਾਣੀ ਫਰਨੀਚਰ, ਕਪੜਿਆਂ, ਕਿਤਾਬਾਂ ਆਦਿ ਲਈ ਫਲੋਰ ਏਰੀਏ ਦਾ 10% ਵੱਧ ਥਾਂ ਹੋਣੀ ਚਾਹੀਦੀ ਹੈ। ਐਸੋਸੀਏਸ਼ਨਾਂ ਦਾ ਨਿਸ਼ਾਨਾ ਡਾਉਨ ਟਾਉਨ ਦੀ ਦਿੱਖ ਵਿੱਚ ਨਿਖਾਰ ਲਿਆਉਣ ਦਾ ਹੈ। ਕਈ ਵਾਰ ਅਜਿਹੇ ਸਟੋਰਾਂ ਦੀਆਂ ਪੁਰਾਣੀਆਂ ਅਤੇ ਭੱਜੀਆਂ ਟੁੱਟੀਆਂ ਚੀਜ਼ਾ ਇਸ ਨਿਸ਼ਾਨੇ ਦੀ ਪੂਰਤੀ ਵਿੱਚ ਰੋੜਾ ਬਣਦੀਆਂ ਹਨ। ਜਿਵੇਂ ਇਕ ਥ੍ਰਿਫਟ ਸਟੋਰ ਦੀ ਪਾਰਕਿੰਗ ਲਾਟ ਵਿੱਚ ਇੱਕ ਪੁਰਾਣੀ ਟਾਇਲਟ ਸੀਟ ਹਫਤਾ ਭਰ ਪਈ ਰਹੀ। ਕਈ ਲੋਕ ਬਹੁਤ ਘਟੀਆ ਚੀਜ਼ਾ ਥ੍ਰਿਫਟ ਸਟੋਰਾਂ ਨੂੰ ਦਾਨ ਕਰ ਜਾਂਦੇ ਹਨ। ਜਾਪਦਾ ਇੰਜ ਹੁੰਦਾ ਹੈ ਕਿ ਜਿਵੇਂ ਉਨ੍ਹਾਂ ਨੇ ਅਜਿਹੀਆਂ ਵਸਤਾਂ ਮਸਾਂ ਆਪਣੇ ਗਲੋਂ ਲਾਹੀਆਂ ਹੋਣ।

ਬੱਚਿਆਂ ਦੀ ਸੀਟ ਦਾ ਮਸਲਾ

ਆਮ ਵੇਖਣ ਵਿੱਚ ਆਇਆ ਕਿ ਲੋਕ ਛੋਟੇ ਬੱਚਿਆਂ ਦੀ ਸਹੀ ਸੀਟ ਲਾਉਣ ਦੀ ਥਾਂ ਬੈਲਟਾਂ ਹੀ ਵਰਤ ਲੈਂਦੇ ਹਨ ਜੋ ਕਾਨੂੰਨ ਦੇ ਉਲਟ ਹੈ। ਪਿਛਲੇ ਦਿਨੀ ਐਬਟਸਫੋਰਡ ਵਿੱਚ ਅਜਿਹੀ ਉਲੰਘਣਾ ਕਰਦਾ 33 ਸਾਲਾ ਆਦਮੀ ਦੁਰਘਟਨਾ ਗ੍ਰਸਤ ਹੋ ਗਿਆ ਅਤੇ ਉਸ ਨੇ ਆਪਣੀ ਵੈਨ ਵਿੱਚ ਸਵਾਰ ਦੋ ਛੋਟੇ ਬੱਚਿਆਂ ਨੂੰ ਸਹੀ ਸੀਟ ਨਹੀਂ ਲਾਈ ਹੋਈ ਸੀ। ਬੱਚਿਆਂ ਨੂੰ ਮਾਮੂਲੀ ਚੋਟਾਂ ਆਈਆਂ। ਪੁਲਸ ਨੇ ਉਸ ਉਪਰ ਦੋ ਦੋਸ਼ ਆਰੋਪੇ ਹਨ। ਇਸ ਦੁਰਘਟਨਾ ਵਿੱਚ ਉਸ ਦੀ ਵੈਨ ਦਾ $4000 ਦਾ ਨੁਕਸਾਨ ਹੋਇਆ ਜਦੋਂ ਕਿ ਉਸ ਨਾਲ ਟਕਰਾਉਣ ਵਾਲੀ ਦੂਜੀ ਵੈਨ ਦਾ $3000 ਦਾ ਨੁਕਸਾਨ ਹੋਇਆ। ਹਰ ਇੱਕ ਨੂੰ ਇਸ ਪੱਖੋਂ ਸਾਵਧਾਨ ਰਹਿ ਕੇ ਬੱਚਿਆਂ ਦੀ ਸੁੱਰਖਿਆ ਦਾ ਪੂਰਾ ਪੂਰਾ ਧਿਆਨ ਰੱਖਣਾ ਚਾਹੀਦਾ ਹੈ ਅਤੇ ਕਾਨੂੰਨ ਦੀ ਪਾਲਣਾ ਕਰਨੀ ਚਾਹੀਦੀ ਹੈ।

ਭਾਰਤੀ ਐੱਮ.ਪੀ.ਸਾਹਿਬ ਖਾਲਿਸਤਾਨ ਦੇ ਹਾਮੀ

ਖਾਲਸਾ ਦੇ ਜਨਮ ਦਿਹਾੜੇ ਵਿਸਾਖੀ ਸਮੇਂ ਭਾਰਤ ਤੋਂ ਆਏ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਅਤੇ ਮੈਂਬਰ ਪਾਰਲੀਮੈਂਟ ਸ੍ਰ: ਸਿਮਰਨਜੀਤ ਸਿੰਘ ਮਾਨ ਤੋਂ ਜਦੋਂ ਇਹ ਪੁੱਛਿਆ ਗਿਆ ਕਿ ਕੀ ਉਹ ਖਾਲਿਸਤਾਨ ਦੇ ਹਾਮੀ ਹਨ ਤਾਂ ਉਨ੍ਹਾਂ ਕਿਹਾ ਕਿ ਆਜ਼ਾਦੀ ਕੌਣ ਨਹੀਂ ਚਾਹੁੰਦਾ। ਰੇਡੀਓ ਪੰਜਾਬ ਉਪਰ ਵੀ ਉਨ੍ਹਾਂ ਆਖਿਆ ਕਿ ਭਾਵੇਂ ਭਾਰਤ ਸਰਕਾਰ ਨੇ ਖਾਲਿਸਤਾਨ ਦੀ ਮੰਗ ਨੂੰ ਆਪਣੇ ਧੱਕੇ ਨਾਲ ਦਬਾ ਦਿੱਤਾ ਹੈ ਪਰ ਸਾਰੇ ਸਿੱਖ ਮਨੋ ਇਸ ਮੰਗ ਦੇ ਸਮਰਥਕ ਹਨ। ਇੱਕ ਇੰਟਰਵਿਊ ਵਿੱਚ ਉਨ੍ਹਾਂ ਨੇ ਕਿਹਾ ਕਿ ਉਹ ਸਥਾਨਕ ਸਿੱਖ ਲੀਡਰਾਂ ਦੇ ਨਾਲ ਨਾਲ ਕੈਨੇਡੀਅਨ ਸਿਆਸਤਦਾਨਾਂ ਨੂੰ ਮਿਲ ਕੇ ਇਹ ਦਸਣਗੇ ਕਿ ਭਾਰਤ ਸਰਕਾਰ ਕਿਸ ਤਰ੍ਹਾਂ ਮਾਨਵੀ-ਅਧਿਕਾਰਾਂ ਦੀ ਅਣਦੇਖੀ ਕਰ ਰਹੀ ਹੈ।

Letters to the Editor
-ਸੰਪਾਦਕੀ ਡਾਕ-

Dear Editor,

It is with complete and utter dismay I see the City of Abbotsford Council dismissed a realistic and manageable increase to career fire suppression and agree to a token number which does not come close to meeting the needs of either the community or fire fighter safety.

I applaud both Mayor George Ferguson and George Peary for their full support and Moe Gill for trying to salvage something. Unfortunately common sense has not prevailed.

Some members of Council showed they are not listening to what the community has said regarding the issue of safe career fire suppression staffing. I hope the community remembers this during the next municipal election. Some municipal politicians are NOT representing those they serve ONLY themselves. As this is attitude of Council regarding one area of responsibility I have grave concern on how they deal with the others. We are quick to bash other levels of government and should be no less resentful towards those from municipal council who place the safety of the public and their fire fighters at risk. Members of the community may forget the disservice Council has performed though the career fire fighters of this community will not.

To be clear, this is not an issue of auxiliary/paid-on-call/volunteer versus career. As has been said many times before if you can't get people as auxiliaries nor maintain the level of service they provide the ONLY option is to hire an adequate number of career fire fighters to provide a safe level of service to the community. This has not been done and continues to be ignored.

The City of Abbotsford cannot compare to any city with a population near ours. Council should look at the statistics and realize times change, people change technology changes, and progress move forward.

The cost is minimal (compared to what the other emergency service receives on an annual and ongoing basis) and would have been an easier blow to the taxpayers pocket book if Council in years gone by had supported it. Playing catch-up will be the costly method in achieving a safe level of career fire suppression staffing. The financial cost for the fire fighters will be substantial though the cost for the taxpayers will be even more. Why? Because a number of Councilors chose to ignore recommendations made by a number of groups over the past number of years.

When looking at tax increases I'm surprised we don't look at other municipalities who are considering hikes of double digits in 2000. The amount required to implement the career staffing recommendations of the Strategic Plan Committee was less than 1% which would be a total increase to our property taxes of less than 7%. It's about time Council realized their Fire Rescue Services has been stretched to its absolute limit and can no longer continue to do what is expected in the same manner as it has.

There must be an insurgence of personnel (similar to what the police force has been receiving on a near annual basis since the mid 1980's) to the career fire fighters or the demand and needs of the community can no longer be met.

RE Scruton
Regional VP BC Professional Fire Fighters Association
Member IAFF local 2864
Taxpayer

Charlesworth Insurance Services Ltd.

For all of your insurance needs!

• Financial Planning Service • Life Insurance Services •
• Mutual Funds • RRSP's • RIF's • Annuities • Group Plans •
• Disability • Educational Plans • Savings Plans • Estate Planning •

Mature Discount (50 years old)
New Home Discount — Senior Discount
Burglar Alarm Discount — Claims Free Discount

• Home • Business • Commercial • Fleets • Condo Package •
• Life • Mortgage • Travel • Cargo • Marine •



The New Charlesworth Team Consists of The Manager Diane Morphy *(Sitting)*, Amrik Gill, Rupinder Azad, Terri Davis, Maninder Gill, Ken Makkar *(Left to Right)*. Carol Tepper was absent from the photo session.

Phone: (604) 852-2565
Fax: (604) 852-2996

1A-32465 South Fraserway
Abbotsford, BC V2T 1X4

ਸ਼ਿਵ ਦੀਆਂ ਪੀੜਾਂ

"ਜੇ ਗਿੱਲ"

ਸ਼ਿਵ ਕੁਮਾਰ ਬਟਾਲਵੀ ਨੂੰ ਅਕਸਰ ਬਿਰਹੋਂ ਦਾ ਕਵੀ ਕਿਹਾ ਜਾਂਦਾ ਹੈ। ਮੈਂ ਉਸਨੂੰ ਪੀੜਾਂ, ਆਹਾਂ ਤੇ ਦਰਦਾਂ ਦਾ ਕਵੀ ਆਖਦਾ ਉਸਦੇ ਧੁਰ ਅੰਦਰ ਇਸਤਰੀ ਲਈ ਅੰਤਾਂ ਦੀ ਹਮਦਰਦੀ ਸੀ। ਔਰਤ ਜਿਸਨੂੰ ਜ਼ਰ (ਦੌਲਤ) ਵਾਂਗ ਮਰਦ ਦਾ ਅਧਿਕਾਰ ਮੰਨਿਆ ਜਾਂਦਾ ਸੀ ਐਸੇ ਸਮੇਂ ਮਰਦ ਪ੍ਰਧਾਨ ਸਮਾਜ ਅਤੇ ਰਾਜ ਨੇ ਔਰਤ ਨੂੰ ਮਾਇਆ ਦਾ ਰੂਪ, ਕਾਮ ਦੀ ਪੁਤਲੀ ਅਤੇ ਸ਼ੈਤਾਨ ਦੀ ਦਾਸੀ ਦੇ ਰੂਪ ਵਿੱਚ ਪੇਸ਼ ਕੀਤਾ। ਸ਼ਿਵ ਨੇ ਸਦੀਆਂ ਦਬੀ-ਘੁੱਟੀ ਔਰਤ ਦੀ ਪੀੜ ਨੂੰ ਬਿਆਨ ਕੀਤਾ ਅਤੇ ਆਪਣੀ ਪੀੜ ਬਣਾ ਲਈ। ਲੂਣਾ ਅੱਜ ਵੀ ਦੇਸ਼ੀ ਸਮਝੀਆਂ ਜਾਂਦੀਆਂ ਹਨ ਅਤੇ ਸਲਵਾਨ ਅਜੇ ਵੀ ਮਰੇ-ਮੁੱਕੇ ਨਹੀਂ। ਗੁਰੂ ਨਾਨਕ ਜੀ ਨੇ ਔਰਤ (ਭੰਡ) ਬਾਰੇ ਸ਼ਬਦ ਉਚਾਰਿਆ ਸੀ। "ਸੋ ਕਿਉਂ ਮੰਦਾ ਆਖੀਏ ਜਿਤ ਜੰਮੇ ਰਾਜਾਨ।" ਸ਼ਿਵ ਔਰਤ ਨੂੰ ਅੱਗ ਨਾਂ ਨਾਲ ਤਸ਼ਬੀਹ ਦਿੰਦਾ ਲਿਖਦਾ ਹੈ:

ਅੱਗ ਦੀ ਪੀੜ ਪਛਾਣੇ ਕਿਹੜਾ?
ਅੱਗ ਦੇ ਦੁੱਖ ਨੂੰ ਜਾਣੇ ਕਿਹੜਾ ?
ਸਈਏ ਜਦ ਵੀ ਅੱਗ ਜੰਮਦੀ ਹੈ
ਅੱਗ ਦੀ ਅਮੜੀ ਰੋ ਪੈਂਦੀ ਹੈ।
ਹਰ ਅੰਬੜੀ ਦੀ ਕੁੱਖ ਵਿੱਚ ਸਈਏ
ਪੁਤੱਰ ਦੀ ਖੁਸ਼ਬੋ ਰਹਿੰਦੀ ਹੈ।
ਅੱਗ ਜੇਮੇ ਤਾਂ ਦੁੱਧ ਸੁਕ ਜਾਂਦਾ
ਵਿੱਚ ਕਲੇਜੇ ਖੋਹ ਪੈਂਦੀ ਹੈ।
ਬਾਬਲ ਦੀ ਪਗ ਦਾ ਰੰਗ ਖੁਰਦਾ
ਕੰਨੀ ਮੰਦੀ ਸੋਅ ਪੈਂਦੀ ਹੈ।
ਜਨਮ ਦਿਹਾੜੇ, ਬੂਹਿਓਂ ਕੱਢਣ ਦੀ
ਬਸ ਚਿੰਤਾ ਹੋ ਜਾਂਦੀ ਹੈ।
ਅੱਗ (ਔਰਤ) ਦੀ ਪੀੜ ਪਛਾਣੇ ਕਿਹੜਾ
ਅੱਗ ਨੂੰ ਪੀੜ ਸਦਾ ਰਹਿੰਦੀ ਹੈ।
ਕੋਈ ਨਾ ਐਸੀ ਨਾਰ ਧਰਤ ਤੇ ਜੋਕਿ
ਪੀੜ ਵਿਛੂੰਨੀ ਹੋਵੇ।
ਸੀਖੇ ਵਾਂਗ ਕਬਾਬਾਂ ਲਾ ਕੇ
ਜੋ ਨਾ ਮਰਦਾਂ ਭੁੰਨੀ ਹੋਵੇ।
ਕਿਸੇ ਦੇਸ਼ ਵਿੱਚ ਨਾਰ ਨਾ ਐਸੀ
ਜੋ ਨਾ ਹੱਕ ਤੋਂ ਰੁੰਨੀ ਹੋਵੇ।

ਨਾਰੀ ਨਾਮ ਇੱਕ ਐਸੇ ਅਹਿਸਾਸ ਦਾ ਹੈ
ਜਿਵੇਂ ਜਖਮਾਂ ਚ ਪੀੜ ਹੈ ਘੁਲੀ ਰਹਿੰਦੀ।

ਇੱਛਰਾਂ ਦੀ ਸੌਂਕਣ ਆਉਣ ਦੇ ਨਮੋਸ਼ੀ ਭਰੇ ਦੁੱਖ ਨੂੰ ਸ਼ਿਵ ਇਸ ਤਰ੍ਹਾਂ ਬਿਆਨ ਦਾ ਹੈ।

ਰਾਜਾ ਹੋਏ, ਚਮਾਰੀ ਪਰਨਾਏ ਆਂਦੀ
ਫੜ ਕਾਲਜਾ, ਪੀੜ ਪਈ ਬੰਮਦੀ ਹਾਂ
ਜੇ ਮੈਂ ਬਾਂਝ ਹੁੰਦੀ, ਤਾਂ ਨਾਂ ਦੁੱਖ ਹੁੰਦਾ
ਉਹਦੇ ਵਿਹੜੇ ਮੈਂ ਚਾਨਣਾ ਰੋਹੜਿਆ ਨੀ।
ਚੰਨ ਹੁੰਦਿਆਂ, ਚੱਠ ਵਿਆਹ ਲਿਆਂਦੀ,
ਮੇਰੀ ਪੀੜ ਦਾ ਮੁੱਲ ਨਾ ਮੋੜਿਆ ਨੀ।
ਜਗ ਹੱਸ ਪੈਂਦਾ ਜੰਮਣ ਵਾਲੀਆਂ ਤੇ
ਦੁੱਖ ਮੰਨਣ ਪ੍ਰਾਏ ਕਿਉਂ ਹਾਸਿਆਂ ਦੇ।
ਜੰਮਣ ਵਾਲੇ ਤੇ ਦੂਸਰਾ ਰੱਬ ਸੱਚਾ,
ਮਿਤੱਰ ਦੋ ਹੀ ਦਿਲਾਂ ਨੇ ਪਾਟਿਆਂ ਦੇ।

ਉਪਰੋਕਤ ਕਾਵਿ ਟੁਕੜੀਆਂ "ਲੂਣਾ" ਵਿੱਚੋਂ ਲਈਆਂ ਗਈਆਂ ਹਨ। ਸ਼ਿਵ ਤੋਂ ਪਹਿਲੇ ਕਿਸਾਕਾਰਾਂ ਜਾਂ ਕਵੀਆਂ ਨੇ ਪੂਰਨ ਦਾ ਕਿਸਾ ਹੀ ਲਿਖਿਆ ਸੀ ਜਿਨ੍ਹਾਂ ਵਿੱਚ ਲੂਣਾ ਨਾਲ ਬੇ-ਇਨਸਾਫੀ ਕੀਤੀ ਗਈ ਪਰ ਸ਼ਿਵ ਨੇ ਲੂਣਾ ਨਾਲ ਪੂਰਾ ਪੂਰਾ ਇਨਸਾਫ ਕੀਤਾ ਹੈ ਅਤੇ ਇਸ ਕਿਤਾਬ ਦਾ ਨਾਂ ਹੀ ਲੂਣਾ ਰੱਖਿਆ। ਇਸ ਤਰ੍ਹਾਂ ਲੋਕ ਲੂਣਾ ਨੂੰ ਪੂਰਨ ਦੀ ਨਹੀਂ ਸ਼ਿਵ ਦੀ ਲੂਣਾ ਕਹਿੰਦੇ ਹਨ। ਇਥੇ ਸਭ ਅਪੂਰਨ ਪੂਰਨ ਕੋਈ ਨਹੀਂ, ਮੈਂ ਇਹ ਕਾਵਿ ਟੁਕੜੀਆਂ ਜਿੰਨਾਂ ਵਿੱਚ ਪੀੜ ਸ਼ਬਦ ਦੀ ਵਰਤੋਂ ਸ਼ਿਵ ਨੇ ਕੀਤੀ ਹੈ ਨੂੰ ਹੀ ਏਥੇ ਅੰਕਿਤ ਕੀਤਾ ਹੈ।

ਮੇਰੇ ਗੀਤ ਵੀ ਲੋਕ ਸੁਣੀਂਦੇ ਨੇ
ਨਾਲੇ ਕਾਫਰ ਆਖ ਸਦੀਂਦੇ ਨੇ
ਮੈ ਦਰਦ ਨੂੰ ਕਾਅਬਾ ਕਹਿ ਬੈਠਾ
ਰੱਬ ਨਾਂ ਰੱਖ ਬੈਠਾ ਪੀੜਾਂ ਦਾ।
ਮੈਂ ਦਾਨਸ਼ਵਰਾਂ ਸੁਣੀਦਿਆਂ ਸੰਗ
ਕਈ ਵਾਰੀ ਉਚੀ ਬੋਲ ਪਿਆ
ਕੁਝ ਮਾਣ ਸੀ ਸਾਨੂੰ ਇਸ਼ਕੇ ਦਾ
ਕੁਝ ਦਾਅਵਾ ਵੀ ਸੀ ਪੀੜਾਂ ਦਾ
("ਕੀ ਪੁਛਦੇ ਹੋ ਹਾਲ ਫਕੀਰਾਂ ਦਾ?" ਵਿੱਚੋਂ)

ਜਦ ਵੀ ਗਮ ਦੀਆਂ ਪੀੜਾਂ ਆਈਆਂ
ਲੈ ਕੇ ਪੀੜਾਂ ਤੇ ਤਨਹਾਈਆਂ
ਆਸਾਂ ਕੋਲ ਬਿਠਾਇਆ ਸੱਦ
ਵੇ ਤੇਰਾ ਬਿਰਹੜਾ।
ਜਦ ਪੀੜਾਂ ਮੇਰੇ ਪੈਰੀਂ ਪਈਆਂ
ਸਿਦਕ ਮੇਰੇ ਦੇ ਮਦਕੇ ਗਈਆਂ
ਤਾਂ ਵੇਖਣ ਆਇਆ ਜਗ
ਵੇ ਤੇਰਾ ਬਿਰਹੜਾ। ("ਬਿਰਹੜਾ" ਵਿੱਚੋ)

ਬਦਕਿਸਮਤ ਮੇਰੇ ਗੀਤਾਂ ਨੂੰ ਕਿਸ ਵੇਲੇ ਨੀਂਦਰ ਆਈ ਹੈ
ਜਦ ਦਿਲ ਦੇ ਵਿਹੜੇ ਪੀੜਾਂ ਦੀ ਹੈ ਗੋਡੇ ਗੋਡੇ ਧੁੱਪ ਚੜ੍ਹੀ।
("ਕਿਸਮਤ" ਵਿੱਚੋਂ)

ਪੀੜਾਂ ਦੇ ਧਰਕੋਨੇ ਖਾ ਖਾ, ਹੋ ਗਏ ਗੀਤ ਕਸੈਲੇ ਵੇ।
ਵਿੱਚ ਨਤੋਏ ਬੈਠੀ ਜਿੰਦ, ਕੀਕਣ ਸੋਹਲੇ ਗਾਵੇ ਵੇ।
("ਮਿਰਚਾਂ ਦੇ ਪਤਰ" ਵਿੱਚੋਂ)

ਹੰਝੂਆਂ ਦੀ ਅੱਗ ਸੇਕ ਸੇਕ ਕੇ ਸਤ ਚਲੀਆਂ ਜੇ ਪਲਕਾਂ ਨੀ,
ਪਰ ਪੀੜਾਂ ਦੇ ਪੋਹ ਦਾ ਅੜੀਓ ਘਟਿਆ ਸੇਕ ਨਾ ਮਾਸਾ ਨੀ।
ਪੀੜਾਂ ਪਾ ਪਾ ਪੂਰ ਲਿਆ, ਮੈਂ ਦਿਲ ਦਾ ਖੂਹਾਂ ਖਾਰਾ ਨੀ,
ਪਰ ਬਦਬਖਤ ਨਾ ਸੁਕਿਆ ਅਥਰਾ,ਇਹ ਕਰਮਾ ਦਾ ਮਾਰਾ ਨੀ।
ਲਾ ਲਾ ਲੂਣ ਖਆਏ, ਦਿਲ ਦੇ ਡਕਰੇ ਕਰ ਕਰ ਪੀੜਾਂ ਨੂੰ
ਪਰ ਇੱਕ ਪੀੜ ਵਸਲ ਦੀ ਤਾਂ ਵੀ ਭੁੱਬੀ ਮਰਦੀ ਜਾਏ
"ਆਪਣੀ ਸਾਲ-ਗੀਰ੍ਹਾ ਤੇ"
ਵਾਰੋ ਪੀੜ ਮੇਰੀ ਦੇ ਸਿਰ ਤੋਂ
ਨੈਣ ਸਰਾਂ ਦਾ ਪਾਣੀ
ਇਸ ਪਾਣੀ ਨੂੰ ਜਗ ਵਿੱਚ ਵੰਡੋ
ਹਰ ਇੱਕ ਆਸ਼ਕ ਤਾਣੀ
ਪ੍ਰਭ ਜੀ ਜੇ ਕੋਈ ਬੂੰਦ ਬਚੇ
ਉਹਦਾ ਆਪੇ ਘੁੱਟ ਭਰੇ
"ਤੇ ਮੈਨੂੰ ਵਿਦਾ ਕਰ"।

ਸਜੱਣ ਜੀ, ਭਲਾ ਕਿਸ ਲਈ ਜੀਣਾ, ਸਾਡੇ ਜਿਹਾ ਨਿਕਰਮਾਂ,
ਸੂਤਕ ਰੁੱਤ ਤੋਂ ਜੋਬਨ ਰੁਤ ਤਕ ਜਿਨ੍ਹਾਂ ਹੰਢਾਈਆਂ ਸ਼ਰਮਾਂ,
ਨਿਤ ਲੱਜਿਆ ਦੀਆਂ ਜੰਮਣ ਪੀੜਾਂ ਅਣਚਾਹਿਆਂ ਵੀ ਜਰਨਾ
ਨਿੱਤ ਦੇਹ ਵਿੱਚ ਫੁਲ ਬਣ ਖਿੜਨਾ ਨਿੱਤ ਤਾਰਾ ਬਣ ਚੜ੍ਹਨਾ।
"ਅਸਾਂ ਤਾਂ ਜੋਬਨ ਰੁਤੇ ਮਰਨਾ।"

ਭੋਂ ਭਾਂ ਸੁਗੰਧੀਆਂ 'ਚ ਬੰਨਾਂ ਫੋਹੇ ਚਾਨਣੀ ਦੇ
ਤਾਂ ਵੀ ਸਾਡੀ ਪੀੜ ਨਾ ਸਵੇ।
ਪੀੜੇ ਨੀ ਪੀੜੇ ਇਹ ਪਿਆਰ ਐਸੀ ਤਿਤਲੀ ਹੈ
ਜਿਹੜੀ ਸਦਾ ਸੂਲ ਤੇ ਬਵੇ। (ਬਿਰਹੋਂ ਦੀ ਰਤਕ)
ਮਾਏ ਨੀ ਅਸੀਂ ਕਰਨ ਬ੍ਰਿਹੋਂ ਦਾ ਤੀਰਥ ਹਾਂ ਅੱਜ ਚਲੇ।
ਯਾਦਾਂ ਦਾ ਇੱਕ ਮਿੱਸਾ ਟੁੱਕਰ ਬੰਨ ਉਮਰਾਂ ਦੇ ਪੱਲੇ।
ਕਰਾਂ ਸਰਾਧ ਪਰੋਹਤ ਸੱਦਾਂ ਪੀੜ ਮਰੇ ਜੇ ਦਿਲ ਦੀ
ਦਿਆਂ ਦਖਣਾ ਸੁਚੇ ਮੋਤੀ ਭਰਨ ਜਖਮ ਜੇ ਅਲੇ।
('ਤੀਰਥ' ਵਿੱਚੋਂ)

ਤੇਰੀ ਯ਼ਾਦ ਆ ਸਾਨੂੰ ਮਣਸ ਕੇ
ਕੁਝ ਪੀੜਾਂ ਕਰ ਗਈ ਦਾਨ ਵੇ।
ਸਾਡੇ ਗੀਤਾਂ ਰੱਖੇ ਰੋਜ਼ਤੇ -
ਨਾ ਪੀਵਣ ਤੇ ਨਾ ਕੁਝ ਖਾਣ ਵੇ। ("ਰੋਜ਼ਤੇ" ਵਿੱਚੋਂ)

ਐਸੀ ਪੀੜ ਰਚੇ ਮੇਰੇ ਹੱਡੀਂ, ਹੋ ਜਾਂ ਝੱਲ ਵਲੱਲੀ ਵੇ।
ਤਅਮ ਕਰਾਂ ਵਿੱਚੋਂ ਭਾਲਣ ਦੀ ਮੈਨੂੰ ਪੈ ਜਾਏ ਚਾਟ ਅਵੱਲੀ ਵੇ। ("ਬਦ-ਅਸੀਸ" ਵਿਚੋਂ)

ਤੈਨੂੰ ਦਿਆਂ ਹੰਝੂਆਂ ਦਾ ਭਾੜਾ
ਨੀ ਪੀੜਾਂ ਦਾ ਪਰਾਗਾ ਭੁੰਨਦੇ
ਭਠੀ ਵਾਲੀਏ। ("ਪੀੜਾਂ ਦਾ ਪਰਾਗਾ" ਵਿੱਚੋਂ)

ਕਲ ਕਿਸੇ ਸੁਣਿਆ ਹੈ ਸ਼ਿਵ ਨੂੰ ਕਹਿੰਦਿਆਂ
ਪੀੜ ਲਦੀ ਹੋਇਆ ਜਹਾਂ ਵਿੱਚ ਨਸ਼ਰ ਹਾਂ।
ਘੋਲ ਸ਼ਗਨਾਂ ਦੀ ਮਹਿੰਦੀ, ਜਾਂ ਦੁਧੀ ਹੋ ਜਾਏ ਵੇ।
ਹਰ ਸੰਗਰਾਂਦ ਮੇਰੇ ਘਰ ਕੋਈ, ਪੀੜ ਪ੍ਰਾਹੁਣੀ ਆਏ ਵੇ।
("ਬਦ-ਅਸੀਸ" ਵਿਚੋਂ)

ਇਕ ਤੇਰੀ, ਦੂਜੇ ਤੇਰੀ ਸਾਰੀ ਧਰਤੀ ਦੀ ਪੀੜ
ਤੇਰੀ ਬੁਤ ਮੇਰੇ ਨਾਂ ਅੱਜ ਕਰ ਬੈਅ ਗਈ।
("ਹੰਝੂਆਂ ਦੇ ਰਾਹਾਂ" 'ਚ)

ਠੀਕ ਹੈ ਕਲਰ ਹੈ ਤੇਰੇ ਬਾਝ ਦਿਲ,
ਪਰ ਮੈਂ ਪੀੜਾਂ ਦੇ ਕਿਉਂ ਪਾਲਾਂ ਸ਼ੋਸ਼ਨਾਗ
"ਯਾਰ ਦੀ ਮਤ੍ਰੀ ਤੇ"

ਮੌਲੀ ਨੀ ਸਾਡੇ ਦਿਲ ਦੀ ਵੇਦਨ ਮੌਲੀ,
ਪੀਤੀ ਨੀ ਅਸਾਂ ਪੀੜ ਢੂਲੀ ਭਰ ਪੀਤੀ।
("ਮਹਿਕ" 'ਚੋਂ)

ਬਬਾ ਕੁ ਜ਼ੁਲਫਾਂ ਵਾਲਿਆ, ਮੇਰੇ ਹਾਣੀਆਂ ਮੇਰੇ ਪਿਆਰਿਆ
ਪੀੜਾਂ ਦੀ ਪਬਕਣ ਜੋੜ ਕੇ, ਗਹੀਰਾ ਅਸਾਂ ਬਣਵਾ ਲਿਆ
ਹੱਡਾਂ ਦਾ ਬਾਲਣ ਬਾਲ ਕੇ, ਉਮਰਾਂ ਦਾ ਆਵਾ ਤਾਅ ਲਿਆ।
ਅੱਤਿਆ ਵੇ ਤੇਰੀ ਯਾਦ ਨੇ, ਕੱਢਕੇ ਕਲੇਜਾ ਖਾ ਲਿਆ।
("ਬਬਾ ਕੁ ਜ਼ੁਲਫਾ ਵਾਲਿਆ"ਚੋਂ)

ਯਾਦ ਮੇਰੀ ਦੀ ਲਾਜਵੰਤੀ ਨੂੰ ਤੇਰੇ ਬ੍ਰਿਹੋਂ ਨੇ ਹੱਥ ਲਾਇਐ।
ਪੀੜ ਮੇਰੀ ਦੇ ਜ਼ਰਦ ਪੱਤਿਆਂ ਨੇ ਤੇਰੀ ਸਰਦਲ ਤੇ ਸਿਰ ਨਿਵਾਇਐ। ("ਲਾਜਵੰਤੀ" ਵਿਚੋਂ)

ਏਸ ਰੁੱਤੇ ਪੀੜ ਨੂੰ ਪਿਉਂਦ ਲਾਕੇ ਹੌਕਿਆਂ ਦੀ ,
ਵਾਸਤਾ ਈ ਧੀਆਂ ਦਾ ਨੀ ਮਾਏ।
ਬੱਕੀ ਬਕੀ ਪੀੜ ਕੋਈ, ਰੀਝਾਂ ਦੀਆਂ ਡੰਡੀਆਂ ਤੇ,
ਪੋਲੇ ਪੋਲੇ ਔਸੀਆਂ ਪਈ ਪਾਏ।
ਏਸ ਪਿੰਡ ਕੋਈ ਨਹਿੰਓਂ ਸਕਾ ਸਾਡਾ ਅੰਮੀਏ ਨੀ,
ਜਿਹੜਾ ਸਾਡੀ ਪੀੜ ਨੂੰ ਵੰਡਾਏ।
ਏਸ ਰੁੱਤੇ ਸਜਣਾ ਤੋਂ ਬਾਝ -ਤੇਰੇ ਪਿੰਡ ਮਾਏ,
ਇੱਕ ਪਲ ਕਟਿਆ ਨਾ ਜਾਏ
ਸਜਣਾਂ ਦੇ ਮੇਲ ਦਾ ਕਢਾ ਦੇ ਛੇਤੀ ਸਾਹਿਆ ਕੋਈ,
ਚੈਨ ਸਾਡੇ ਦੀਦਿਆਂ ਨੂੰ ਆਏ
ਸਜਣਾਂ ਦੇ ਬਾਝ ਜੱਗ-ਅਸਾਂ ਲਟਬੋਰੀਆਂ ਨੂੰ
ਆਖ ਆਖ ਝਲੀਆਂ ਬੁਲਾਏ।

ਤੇਰੇ ਸ਼ਹਿਰ ਵਲ ਜਾਂਦੀਆਂ, ਵੇਖ ਕੇ ਪਗ ਡੰਡੀਆਂ,
ਆ ਰਿਹਾ ਮੇਰੇ ਜ਼ਿਗਰ ਦੇ ਵਿੱਚ ਪੀੜ ਦਾ ਇਕ ਜਲਜਲਾ।
ਅਜ ਮੇਰਾ ਬ੍ਰਿਹੜਾ ਹੋਇਆ ਮੇਰਾ ਮਹਿਰਮ ਪੀੜ ਸੁਹੇਲੜੀ ਸੂ ਹੋਈ।

ਆ ਸਜਣ ਅੱਜ ਦਿਲ ਦੇ ਦਿਲ ਵਿੱਚ,
ਬ੍ਰਿਹੋਂ ਦਾ ਇਕ ਬੀਜ ਬਿਜਾਈਏ ।
ਛਿੰਦੀਆਂ ਪੀੜਾਂ ਲਾਡਲੀਆਂ ਦੇ,
ਆ ਯਾਦਾਂ ਤੋਂ ਸੀਸ ਗੁੰਦਾਈਏ।
("ਤਕਦੀਰ ਦੇ ਬਾਗੀ" ਵਿਚੋਂ)

ਆ ਸਜਣ ਅਜ ਗੀਤਾਂ ਕੋਲੋਂ
ਪੀੜ ਕੰਜਕ ਦੇ ਪੈਰ ਧੁਆਈਏ
ਆ ਸਜਣੋ ਤਕਦੀਰ ਦੇ ਬਾਗੀਂ
ਕਦੀਆਂ ਕਿਰਨਾਂ ਪੈਲੀਂ ਪਾਈਏ ।
ਇਸ ਤਰ੍ਹਾਂ ਲੂਣਾ ਦੀਆਂ ਪੀੜਾਂ ਨੂੰ, ਇਸਤਰੀ ਜਾਤੀ ਦੀਆਂ ਪੀੜਾਂ ਨੂੰ ਸ਼ਿਵ ਨੇ ਆਪਣੀਆਂ ਪੀੜਾਂ ਬਣਾ ਲਿਆਂ।
ਸ਼ਹਿਰ ਕਿ ਜਿਸ ਦੇ ਸਿਰ ਤੇ ਪੀਲਾ
ਚੰਨ ਨਿਰਾ ਤੇਰੇ ਮੁਖੜੇ ਵਰਗਾ
ਸਿੰਮਲ-ਫੁਲ ਦੀ ਫੰਬੀ ਵਾਕਣ
ਉਡਦਾ ਤੁਰਿਆ ਜਾਏ।
ਜਿਸ ਨੂੰ ਪੀੜ ਨਿਆਣੀ ਮੇਰੀ
ਮਾਈ ਭੁੱਚੀ ਵਾਕਣ ਫੜ ਫੜ
ਫੁਕਾਂ ਮਾਰ ਉਡਾਏ।
ਇਕ ਸ਼ਹਿਰ ਦੇ ਨਾਂ ਵਿਚੋਂ

ਪੀੜ ਪਾਕੇ ਝਾਂਜਰ ਕਿਧੱਰ ਟੁਰੀ
ਕਿਹੜੇ ਪਤੱਨੀ ਗਮ ਦਾ ਮੇਲਾ ਜੁੜ ਗਿਆ।
ਕੌਣ ਮੇਰੇ ਸ਼ਹਿਰ ਆ ਕੇ ਮੁੜ ਗਿਆ।
ਚੰਨ ਦਾ ਸਾਰਾ ਹੀ ਚਾਨਣ ਰੁੜ੍ਹ ਗਿਆ।

ਮਾਏ ਨੀ, ਇਸ ਵਿਧਵਾ ਰੁਤ ਦਾ ਕੀ ਕਰੀਏ?
ਇਸ ਰੁਤੇ ਸਾਡੀ ਪੀੜ ਨੇ ਵਾਲ ਵਧਾਏ,
ਗਮ ਦਾ ਸੂਤੀ ਦੁਧਾ ਵੇਸ ਹੰਢਾਏ,
ਰੱਖੋ ਰੋਜ਼ੇ ਗੀਤ ਨਾ ਹੋਠੀ ਲਾਏ।
ਹਾਏ ਨੀ ਇਸ ਰੁਤੇ ਕਿਥੇ ਛੁੱਥ ਮਰੀਏ ਮਾਏ ਨੀ।
(ਵਿਧਵਾ ਰੁੱਤ ਵਿਚੋਂ)

ਉਮਰਾਂ ਦੇ ਸਰਵਰ,ਸਾਹਵਾਂ ਦੇ ਪਾਣੀ
ਗੀਤਾ ਵੇ ਚੂੰਝ ਭਰੀ
ਭਲਕੇ ਨਾ ਰਹਿਣੇ ਪੀੜਾਂ ਦੇ ਚਾਨਣ
ਹਾਵਾਂ ਦੇ ਹੋਂਝ ਧਰੀਂ ।
(ਉਮਰਾਂ ਦੇ ਸਰਵਰ ਵਿਚੋ)'

ਮਿਟੀ ਧੁਰ ਤੋਂ ਗਰਭਵਤੀ ਇਹਨੂੰ ਨਿਤ ਸੁਤਕ ਦੀਆਂ ਪੀੜਾਂ । (ਮਿਟੀ 'ਚ)

ਕੂਜਾਂ ਉਛੱਂ ਪੁੱਡ ਜਾਣਾ ਕਿਧਰੇ ਦੂਰ ਦਿਸੇਰੀਂ ।
ਕਲ ਤਕ ਪੀੜ ਮੇਰੀ ਨੂੰ ਸਮਿਆਂ ਵਰ ਲੈ ਜਾਣਾ ਜੋਰੀਂ।
(ਮੈਂ ਕਲ ਨਹੀਂ ਰਹਿਣਾ ਚੋ)

ਅਥਰੀ ਪੀੜ ਕਲੇਜੇ ਚੁਗਦੀ,
ਗਮ ਦੀ ਚੌਗ ਪੁਰਾਣੀ ਨੀ ਮਾਏ ਮੇਰੀਏ।
ਜੇ ਮੈਂ ਪਾਵਾਂ ਛਿੜਬ ਕਰੀਵੇ
ਮੇਰੀ ਪੀੜ ਨਿਆਣੀ ਨੀ ਮਾਏ ਮੇਰੀਏ।
ਸੌਣ ਮਹੀਨੇ... ਕੁਲੀਂ ਵਗਦਾ
ਮੇਰੇ ਰੰਗ ਦਾ ਪਾਣੀ ਨੀ ਮਾਏ ਮੇਰੀਏ।
(ਮੇਰੇ ਰੰਗ ਦਾ ਪਾਣੀ 'ਚੋਂ)

ਪੰਜਾਬੀ ਪੱਤ੍ਰਿਕਾ ਵਿਚ ਛਪੇ ਲੇਖਾਂ ਵਿਚ ਪ੍ਰਗਟਾਏ ਗਏ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਪੰਜਾਬੀ ਪੱਤ੍ਰਿਕਾ ਦਾ ਇਨਾਂ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ

ੴ ਵਾਹਿਗੁਰੂ ਜੀ ਕੀ ਫਤਹਿ॥
ਅਵਲਿ ਅਲਹ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ। ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥
FIRST GOD CREATED LIGHT AND THEN BY HIS OMNIPOTENCE MADE ALL THE MORTALS.
FROM THE ONE LIGHT HAS WELLED UP THE ENTIRE UNIVERSE. THEN WHO IS GOOD AND WHO IS BAD?

KHALSA DIWAN SOCIETY, ABBOTSFORD

ਖਾਲਸਾ ਦੀਵਾਨ ਸੋਸਾਇਟੀ, ਐਬਟਸਫੋਰਡ

(Incorporated As a Society under the "Societies Act")

SIKH TEMPLE

33094 South Fraser Way, Abbotsford, B.C. V2A 2A9 • 859-5665 • 854-1165

ਅਪ੍ਰੈਲ/ਮਈ 2000 ਦੇ ਪ੍ਰੋਗਰਾਮਾਂ ਦਾ ਵੇਰਵਾ

ਅਪ੍ਰੈਲ 28,29,30 — ਸਨੋ ਕ੍ਰੈਸਟ ਕੈਨਰੀ (Snow Crest) ਦੇ ਵਰਕਰਾਂ ਅਤੇ ਪਰਿਵਾਰਾਂ ਵਲੋਂ- ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਕਰਵਾਈ ਜਾ ਰਹੀ ਹੈ।

ਅਪ੍ਰੈਲ 29 — ਗੁਰੂ ਘਰ ਦੇ ਸ਼ਰਧਾਲੂ ਪਰਿਵਾਰ ਭਾਈ ਕੁੰਦਨ ਲਾਲ ਨੋਤੇ ਪਰਿਵਾਰ ਵਲੋਂ ਦੋਹਤਰੇ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਸ਼ਾਮ ਦੇ ਲੰਗਰਾਂ ਦੀ ਸੇਵਾ ਕਰਵਾਈ ਜਾ ਰਹੀ ਹੈ।

ਮਈ 5,6,7 — ਇਸ ਹਫਤੇ ਕੋਈ ਵੀ ਸ਼ਰਧਾਲੂ ਪਰਿਵਾਰ ਸੇਵਾ ਲੈ ਸਕਦਾ ਹੈ - ਸੇਵਾ ਨਾ ਆਉਣ ਦੀ ਹਾਲਤ ਵਿੱਚ - ਸਮੂਹ ਸਾਧ ਸੰਗਤ ਵਲੋਂ ਗੁਰੂ ਅਰਜਨ ਦੇਵ ਜੀ ਦੇ ਅਵਤਾਰ ਪੁਰਵ ਦੇ ਉਪਲਕਸ਼ ਵਿੱਚ ਅਖੰਡ ਪਾਠ ਸਾਹਿਬ ਦੀ ਸੇਵਾ ਹੋਵੇਗੀ - ਪਾਠ ਆਰੰਭ - ਮਈ 5, ਸ਼ੁਕਰਵਾਰ 10 ਵਜੇ; ਭੋਗ -ਮਈ 7, ਐਤਵਾਰ 10 ਵਜੇ ।

ਮਈ 12, 13, 14 — ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਸੁਰਜੀਤ ਸਿੰਘ ਸੰਧੂ ਪਰਿਵਾਰ ਵਲੋਂ ਅਵਤਾਰ ਸਿੰਘ ਸੰਧੂ ਦੇ ਲੜਕੇ ਦੀ ਖੁਸ਼ੀ ਵਿੱਚ ਕਰਵਾਈ ਜਾ ਰਹੀ ਹੈ। ਫੋਨ ਨੰ: - 852-1076

ਮਈ 14 — ਸੰਗਰਾਂਦ / ਜੇਠ ਮਹੀਨਾ - ਸੰਗਰਾਂਦ ਦਿਹਾੜੇ ਤੇ ਸ਼ਾਮ ਦੇ ਲੰਗਰ ਦੀ ਸੇਵਾ ਗੁਰੂ ਘਰ ਦੇ ਸ਼ਰਧਾਲੂ ਪਰਿਵਾਰ ਭਾਈ ਬਲਦੇਵ ਸਿੰਘ ਭੁਲੱਰ ਪਰਿਵਾਰ ਵਲੋਂ ਕਰਵਾਈ ਜਾ ਰਹੀ ਹੈ।

ਮਈ 18, 19, 20 — ਵੀਰਵਾਰ, ਸ਼ੁੱਕਰਵਾਰ, ਛਨਿੱਚਰਵਾਰ - ਗੁਰੂ ਘਰ ਦੇ ਸ਼ਰਧਾਲੂ ਪਰਿਵਾਰ ਭਾਈ ਗੁਰਦੇਵ ਸਿੰਘ ਗਿੱਲ ਪਰਿਵਾਰ ਵਲੋਂ ਲੜਕੀ ਦੀ ਸ਼ਾਦੀ ਦੀ ਖੁਸ਼ੀ ਵਿੱਚ ਅਖੰਡ ਪਾਠ ਸਾਹਿਬ ਦੇ ਭੋਗ ਅਤੇ ਅਨੰਦ ਕਾਰਜ ਸ਼ਨਿੱਚਰਵਾਰ ਕਰਵਾਏ ਜਾ ਰਹੇ ਹਨ - ਫੋਨ ਨੰ:- 850-8718

ਮਈ 26, 27, 28 — ਗੁਰੂ ਘਰ ਦੇ ਪ੍ਰਬੰਧਕ ਸੇਵਾਦਾਰ ਖਜ਼ਾਨਚੀ ਭਾਈ ਗੁਰ ਦਰਸ਼ਨ ਸਿੰਘ ਸੰਧੂ ਪਰਿਵਾਰ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਕਰਵਾਈ ਜਾ ਰਹੀ

ਸਾਹਿਤਕ ਪੰਨਾ

ਪਾਪਾਂ-ਪੁੰਨਾਂ ਦਾ ਲੇਖ

ਗੁਰਦੇਵ ਸਿੰਘ "ਮਾਨਾਂ" ਐਬਟਸਫੋਰਡ

ਜਦੋਂ ਕਚਿਹਰੀ ਧਰਮਰਾਜ ਦੀ ਮੇਰੀ ਪੇਸ਼ੀ ਹੋਈ,
ਲੰਗੇ ਕਰਨ ਸਾਹਾਂ ਦਾ ਲੇਖਾ "ਚਿਤਰ-ਗੁਪਤ" ਬਹਿ ਦੋਈ।
ਧਰਮਰਾਜ ਜੀ ਆਖਣ ਲੱਗੇ, "ਆ ਵੀ ਕਵੀਆ ਮਾਨਾਂ",
ਜੇ ਕੋਈ ਪੁੰਨ ਕੀਤਾ ਹੈ, ਤਾਂ ਫੇਰ ਦੇ ਦਈਏ ਇਵਜਾਨਾਂ"।
ਹੁਕਮ ਕੀਤਾ ਇੱਕ ਯਮ ਤਾਈਂ ਉਨ੍ਹਾਂ "ਧਰਮ-ਤੱਕੜ" ਮੰਗਵਾਇਆ,
ਇੱਕ ਗੁਹਿ ਦੇ ਥੜੇ ਦੇ ਉਤੇ ਉਹਨੂੰ ਫੇਰ ਟਕਾਇਆ।
ਸਹਿ ਗੁਣ ਵੱਡੇ ਸੂਰਜ ਤੋਂ ਵੀ ਉਸ ਤੱਕੜ ਦੇ ਪੱਲੇ,
ਤੋਲ-ਤੋਲਣ ਲਈ ਪਰਬਤਾਂ ਜੇਡੇ ਵੱਟੇ ਪਏ ਸੀ ਥੱਲੇ।
ਸਿਰਮਣ ਕਰ-ਕਰ ਮਾਲਾ ਦੇ ਜੋ ਕੁੰਲ ਘਸਾਏ ਮਣਕੇ,
ਢੇਰੀ ਕੀਤੇ ਛਾਬੇ ਦੇ ਵਿੱਚ ਪਾਰਾਂ ਦੇ ਸੰਗ ਤਣਕੇ।
ਇਤਿਹਾਸਿਕ ਅਸਥਾਨਾਂ ਤੇ ਜੋ ਮੈਂ ਸਨ ਪਾਠ ਕਰਾਏ,
ਧਰਮਰਾਜ ਨੂੰ ਉਗਲੀਆਂ ਤੇ ਗਿਣ ਕੇ ਕੁੰਲ ਸੁਣਾਏ।
ਫਿਰ ਪਾਠਾਂ ਦੀ ਉਜੱਰਤ ਬਾਰੇ ਡਾਲਰ ਸਨ ਜੋ ਘੱਲੇ,
ਸਣੇ ਰਸੀਦਾਂ-ਚੈਕੰ ਪਾਏ ਮੈਂ ਧਰਮਰਾਜ ਦੇ ਪੱਲੇ।
ਸਿੱਖ ਟੈਪਲਾਂ ਅੰਦਰ ਜਿਹੜੇ ਲੰਗਰ ਸਨ ਕਰਵਾਏ,
ਸਣੇ ਜਲੇਬੀਆਂ ਰਸਗੁੱਲਿਆਂ ਦੇ ਗੰਫੇ ਜੋ ਵਰਤਾਏ।
ਕੁੰਲ ਗੁੰਲਗਲੇ ਅਤੇ ਪਕੌੜੇ ਘਿਉ ਵਿੱਚ ਜੋ ਕੱਢਵਾਏ,
ਸਣੇ ਪਰੌਠੇ, ਪੂਰੀਆਂ ਦੇ ਮੈਂ ਗਿਣ-ਗਿਣ ਕੇ ਲਿਖਵਾਏ।
ਗੋਭੀ, ਮਟਰ, ਪਨੀਰ ਗਾਜਰਾਂ, ਭਾਜੀਆਂ ਜੋ ਬਣਵਾਈਆਂ,
ਦਾਲਾਂ, ਖੱਟਾ, ਭੱਲੇ, ਪਕੌੜੀਆਂ ਜੋ-ਜੋ ਸਨ ਵਰਤਾਈਆਂ।
ਸਾਗ ਬਰੋਕਲੀ ਵਾਲੇ ਦੀਆਂ ਜੋ ਦੇਗਾਂ ਚੜ੍ਹਵਾਈਆਂ,
ਅਮਰੀਕਾਂ ਦੇ ਦੇਸੀ ਘਿਉ ਦੀਆਂ ਇੱਟਾਂ ਜਿਸ ਵਿੱਚ ਪਾਈਆਂ।
ਦੱਸਾਂ ਉਨ੍ਹਾਂ ਖਾਣਿਆਂ ਦੇ ਹੁਣ ਸੁਆਦ ਮੈਂ ਕਿਹੜੇ ਕਿਹੜੇ,
